Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


To view our online newspaper visit punjabipost.ca/epaper | Vol 21* Issue 179 | Monday, September 19, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਮਹਾਰਾਣੀ ਦੇ ਅੰਤਿਮ ਸਸਕਾਰ ਤੋਂ ਪਹਿਲਾਂ ਟਰੂਡੋ ਨੇ ਟਰੱਸ ਤੇ ਵਿਸ਼ਵ ਦੇ ਹੋਰਨਾਂ ਆਗੂਆਂ ਨਾਲ ਕੀਤੀ ਮੁਲਾਕਾਤ

ਮਾਂਟਰੀਅਲ, 18 ਸਤੰਬਰ (ਪੋਸਟ ਬਿਊਰੋ) : ਐਤਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੀ ਹਮਰੁਤਬਾ ਬ੍ਰਿਟਿਸ਼ ਅਧਿਕਾਰੀ ਤੇ ਦੁਨੀਆਂ ਦੇ ਹੋਰ ਆਗੂਆਂ ਨਾਲ ਲੰਡਨ ਵਿੱਚ ਮੁਲਾਕਾਤ ਕੀਤੀ। ਮਹਾਰਾਣੀ ਐਲਿਜ਼ਾਬੈੱਥ ਦੇ ਅੰਤਿਮ ਸਸਕਾਰ ਤੋਂ ਪਹਿਲਾਂ ਗਮਜ਼ਦਾ ਮਾਹੌਲ ਵਿੱਚ ਚੱਲ ਰਹੀਆਂ ਤਿਆਰੀਆਂ ਦੇ ਨਾਲ ਨਾਲ ਵਿਸ਼ਵ ਆਗੂਆਂ ਨੇ ਅਰਥਚਾਰੇ ਤੇ ਯੂਕਰੇਨ ਵਿੱਚ ਜਾਰੀ ਜੰਗ ਬਾਰੇ ਚਰਚਾ ਵੀ ਕੀਤੀ।

ਐਤਵਾਰ ਦੁਪਹਿਰ ਨੂੰ ਟਰੂਡੋ ਨੇ ਲਿਜ਼ ਟਰੱਸ ਨਾਲ 10 ਡਾਊਨਿੰਗ ਸਟਰੀਟ ਉੱਤੇ 40 ਮਿੰਟ ਗੱਲਬਾਤ ਵੀ ਕੀਤੀ। ਬ੍ਰਿਟੇਨ ਦੀ ਰਾਜਗੱਦੀ ਉੱਤੇ ਸੱਭ ਤੋਂ ਲੰਮਾਂ ਸਮਾਂ ਬੈਠਣ ਵਾਲੀ ਮਹਾਰਾਣੀ ਦੀ ਮੌਤ ਦਾ ਅਫਸੋਸ ਕਰਨ ਲਈ ਦੁਨੀਆਂ ਭਰ ਦੇ ਆਗੂ ਇਸ ਸਮੇਂ ਲੰਡਨ ਵਿੱਚ ਹਨ। ਹਾਲਾਂਕਿ ਇਸ ਦੌਰੇ ਦਾ ਅਸਲ ਮਕਸਦ ਸੋਮਵਾਰ ਨੂੰ ਮਹਾਰਾਣੀ ਦੀਆਂ ਅੰਤਿਮ ਰਸਮਾਂ ਵਿੱਚ ਹਿੱਸਾ ਲੈਣਾ ਹੈ ਪਰ ਟਰੂਡੋ ਨੇ ਟਰੱਸ ਤੇ ਆਸਟਰੇਲੀਆਈ ਪ੍ਰਧਾਨ ਮੰਤਰੀ ਐਂਥਨੀ ਐਲਬਾਨੀਸ ਸਮੇਤ ਆਪਣੇ ਸਾਥੀ ਆਗੂਆਂ ਨਾਲ ਮੁਲਾਕਾਤ ਲਈ ਵੀ ਸਮਾਂ ਕੱਢ ਲਿਆ।

ਦੁਪਹਿਰ ਨੂੰ ਕੀਤੀ ਗਈ ਨਿਊਜ਼ ਕਾਨਫਰੰਸ ਦੌਰਾਨ ਉਨ੍ਹਾਂ ਆਖਿਆ ਕਿ ਟਰੱਸ ਨਾਲ ਸੱਭ ਤੋਂ ਪਹਿਲਾਂ ਉਨ੍ਹਾਂ ਮਹਾਰਾਣੀ ਐਲਿਜ਼ਾਬੈੱਥ ਦੀ ਮੌਤ ਉੱਤੇ



ਦੁੱਖ ਸਾਂਝਾ ਕੀਤਾ ਤੇ ਫਿਰ ਉਨ੍ਹਾਂ ਯੂਕਰੇਨ ਵਿੱਚ ਚੱਲ ਰਹੀ ਜੰਗ ਦਾ ਮੁੱਦਾ ਵੀ ਉਨ੍ਹਾਂ ਨਾਲ ਸਾਂਝਾ ਕੀਤਾ। ਉਨ੍ਹਾਂ ਆਖਿਆ ਕਿ ਕੈਨੇਡਾ-ਯੂਕੇ ਟਰੇਡ ਡੀਲ ਸਬੰਧੀ ਗੱਲਬਾਤ ਵੀ ਸਹੀ ਢੰਗ ਨਾਲ ਚੱਲ ਰਹੀ ਹੈ। ਉਨ੍ਹਾਂ ਆਖਿਆ ਕਿ ਯੂਕਰੇਨ ਦੀ ਮਦਦ ਤੇ ਰੂਸ ਦੀ ਗੈਰਕਾਨੂੰਨੀ ਕਾਰਵਾਈ ਖਿਲਾਫ ਡਟ ਕੇ ਖੜ੍ਹੇ ਰਹਿਣ ਵਾਲੇ ਦੋ ਦਮਦਾਰ ਮੁਲਕਾਂ ਵਿੱਚ ਯੂਕੇ ਤੇ ਕੈਨੇਡਾ ਸ਼ਾਮਲ ਹਨ ਤੇ ਅਸੀਂ ਹੀ ਉੱਥੇ ਜਾਰੀ ਵਾਰ ਕ੍ਰਾਈਮਜ਼ ਖਿਲਾਫ ਵੀ ਆਵਾਜ਼ ਉਠਾ ਰਹੇ ਹਾਂ।

ਰੂਸ ਦੀਆਂ ਫੌਜਾਂ ਵੱਲੋਂ ਪਹਿਲਾਂ ਕਬਜਾ ਕੀਤੇ ਗਏ ਉੱਤਰ ਪੂਰਬੀ ਸ਼ਹਿਰ, ਜਿਸ ਉੱਤੇ ਯੂਕਰੇਨ ਨੇ ਮੁੜ ਕਬਜਾ ਕਰ ਲਿਆ ਹੈ, ਵਿੱਚ ਮਿਲੀ ਸਾਂਝੀ ਕਬਰ ਦਾ ਹਵਾਲਾ ਦਿੰਦਿਆਂ ਟਰੂਡੋ ਨੇ ਆਖਿਆ ਕਿ ਇਸ ਲਈ ਰੂਸ ਤੇ ਇਸ ਦੇ ਰਾਸ਼ਟਰਪਤੀ ਨੂੰ ਜ਼ਿੰਮੇਵਾਰ ਤੇ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ।

## ਕਾਰ ਚਰਚ ਨਾਲ ਟਕਰਾਈ, ਗੈਸ ਲਾਈਨ ਨੂੰ ਹੋਇਆ ਨੁਕਸਾਨ, ਮਹਿਲਾ ਜ਼ਖ਼ਮੀ

ਸਕਾਰਬਰੋ, 18 ਸਤੰਬਰ (ਪੋਸਟ ਬਿਊਰੋ) : ਸਕਾਰਬਰੋ ਵਿੱਚ ਇੱਕ ਗੱਡੀ ਦੇ ਚਰਚ ਨਾਲ ਟਕਰਾ ਜਾਣ ਕਾਰਨ ਇੱਕ ਮਹਿਲਾ ਜ਼ਖ਼ਮੀ ਹੋ ਗਈ। ਇਸ ਹਾਦਸੇ ਨਾਲ ਗੈਸ ਲਾਈਨ ਨੂੰ ਵੀ ਨੁਕਸਾਨ ਪਹੁੰਚਿਆ। ਮਹਿਲਾ ਨੂੰ ਇਲਾਜ ਲਈ ਹਸਪਤਾਲ ਲਿਜ-ਾਇਆ ਗਿਆ।

ਐਤਵਾਰ ਨੂੰ ਦੁਪਹਿਰੇ 12:00 ਵਜੇ ਤੋਂ ਪਹਿਲਾਂ ਟੋਰਾਂਟੋ ਪੁਲਿਸ ਨੂੰ ਬ੍ਰਿਮਲੇ ਰੋਡ ਤੇ ਮੈਕਨਿਕੋਲ ਐਵਨਿਊ ਸੱਦਿਆ ਗਿਆ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਗੱਡੀ ਚਲਾ ਰਹੀ ਡਰਾਈਵਰ 60 ਸਾਲਾ ਮਹਿਲਾ ਸੀ ਤੇ



ਹਾਦਸੇ ਤੋਂ ਬਾਅਦ ਪੈਰਾਮੈਡਿਕਸ ਵੱਲੋਂ ਉਸ ਨੂੰ ਹਸਪਤਾਲ ਲਿਜਾਇਆ ਗਿਆ। ਇਸ ਹਾਦਸੇ ਤੋਂ ਬਾਅਦ ਇਸ ਇਲਾਕੇ ਵਿੱਚ ਗੈਸ ਦੀ ਬਹੁਤ ਤਿੱਖੀ ਸਮੈੱਲ ਫੈਲ ਗਈ ਜਿਸ ਤੋਂ ਪਤਾ ਲੱਗਿਆ ਕਿ ਗੈਸ ਲਾਈਨ ਨੂੰ ਵੀ ਨੁਕਸਾਨ ਪਹੁੰਚਿਆ ਹੈ। ਇਸ ਹਾਦਸੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।

## ਬਰਲਿੰਗਟਨ ਦੇ ਇੱਕ ਘਰ ਵਿੱਚ ਲੱਗੀ ਅੱਗ ਕਾਰਨ ਦੋ ਵਿਅਕਤੀਆਂ ਦੀ ਹਾਲਤ ਖਰਾਬ



ਬਰਲਿੰਗਟਨ, 16 ਸਤੰਬਰ (ਪੋਸਟ ਬਿਊਰੋ) : ਬਰਲਿੰਗਟਨ ਦੇ ਇੱਕ ਘਰ ਵਿੱਚ ਲੱਗੀ ਅੱਗ ਕਾਰਨ ਦੋ ਵਿਅਕਤੀ ਜ਼ਖ਼ਮੀ ਹੋ ਗਏ। ਪੁਲਿਸ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਸ਼ੁੱਕਰਵਾਰ ਨੂੰ ਤੜ੍ਹਕੇ 1:15 ਵਜੇ ਦੇ ਨੇੜੇ ਤੇੜੇ ਹਾਈਵੇਅ 407 ਤੇ ਗੁਐਲਫ ਲਾਈਨ ਨੇੜੇ ਵਿੰਡਿੰਗ ਵੇਅ ਉੱਤੇ ਸਥਿਤ ਘਰ ਵਿੱਚ ਅੱਗ ਲੱਗਣ ਦੀ ਖਬਰ ਮਿਲਦੇ ਸਾਰ ਹੀ ਫਾਇਰ ਮਾਰਸ਼ਲ ਦੇ ਆਫਿਸ ਤੋਂ ਇੱਕ ਟੀਮ ਮੌਕੇ ਉੱਤੇ ਪਹੁੰਚੀ। ਫਾਇਰ ਅਮਲੇ ਦੇ ਮੈਂਬਰ ਜਦੋਂ ਮੌਕੇ ਉੱਤੇ ਪਹੁੰਚੇ ਤਾਂ ਘਰ ਅੱਗ ਦੀਆਂ ਲਪਟਾਂ ਵਿੱਚ ਘਿਰਿਆ ਹੋਇਆ ਸੀ ਤੇ ਚਾਰੇ ਪਾਸੇ ਧੂੰਆਂ ਹੀ ਧੂੰਆਂ ਸੀ। ਹਾਲਟਨ ਪੁਲਿਸ ਨੇ ਦੱਸਿਆ ਕਿ ਇੱਕ ਬਜ਼ੁਰਗ ਪੁਰਸ਼ ਤੇ ਮਹਿਲਾ ਨੂੰ ਕਾਫੀ ਧੂੰਆਂ ਚੜ੍ਹ ਚੁੱਕਿਆ ਸੀ।

ਪੁਲਿਸ ਨੇ ਦੱਸਿਆ ਕਿ ਮਹਿਲਾ ਤਾਂ ਥੋੜ੍ਹੀ ਜਿਹੀ ਝੁਲਸ ਵੀ ਗਈ ਸੀ ਤੇ ਉਸ ਨੂੰ ਏਅਰਲਿਫਟ ਕਰਕੇ ਹਸਪਤਾਲ ਲਿਜਾਇਆ ਗਿਆ। ਅੱਗ ਉੱਤੇ ਕਾਬੂ ਪਾਉਣ ਲਈ 22 ਫਾਇਰਫਾਈਟਰ ਮੌਕੇ ਉੱਤੇ ਮੌਜੂਦ ਸਨ। ਖਬਰ ਲਿਖੇ ਜਾਣ ਤੱਕ ਅੱਗ ਉੱਤੇ ਕਾਬੂ ਪਾ ਲਿਆ ਗਿਆ ਸੀ। ਬਰਲਿੰਗਟਨ ਫਾਇਰ ਨੇ ਦੱਸਿਆ ਕਿ ਅੱਗ ਲਿਵਿੰਗ ਰੂਮ ਤੋਂ ਸ਼ੁਰੂ ਹੋਈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

GURBIR CHAHAL
416.566.7605
gurbir.chahal@yahoo.com
ROYAL LePAGE Flower City Realty

Pure Vegetarian
MUFFIN'S INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

OURR HOME & APPLIANCES
UPGRADE IN JUST $299*
LABOUR DAY Special
$5699*
KitchenAid | moffat | MAYTAG | LG | SAMSUNG | Electrolux | JENNAIR | BOSCH | Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
416-551-5553
WWW.OURRHOMEAPPLIANCES.COM

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਲਗਜ਼ਰੀ ਕਾਰਾਂ, ਗਹਿਣੇ ਤੇ ਪੈਸੇ ਚੋਰੀ ਕਰਨ ਵਾਲੇ ਗਿਰੋਹ ਦੇ 3 ਮੈਂਬਰ ਗ੍ਰਿਫਤਾਰ



ਬਰੈਂਪਟਨ, 18 ਸਤੰਬਰ (ਪੋਸਟ ਬਿਊਰੋ) : ਪੀਲ ਰੀਜਨ ਵਿੱਚ ਲਗਜ਼ਰੀ ਕਾਰਾਂ, ਗਹਿਣੇ, ਗੰਨਜ਼, ਡਰੱਗਜ਼ ਤੇ ਪੈਸੇ ਚੋਰੀ ਕਰਨ ਦੇ ਸਬੰਧ ਵਿੱਚ ਸਾਲ ਭਰ ਤੋਂ ਚੱਲ ਰਹੀ ਜਾਂਚ ਮਗਰੋਂ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਪੁਲਿਸ ਨੇ ਦੱਸਿਆ ਕਿ ਡਰਾਈਵਵੇਅ ਵਿੱਚ ਪਾਰਕ ਕੀਤੀਆਂ ਲਗਜ਼ਰੀ ਕਾਰਾਂ ਵਾਲੇ ਘਰਾਂ ਨੂੰ ਨਿਸ਼ਾਨਾ ਬਣਾ ਕੇ ਹਿੰਸਕ ਡਾਕਿਆਂ ਨੂੰ ਅੰਜਾਮ ਦੇਣ ਦੀਆਂ ਤਿੰਨ ਘਟਨਾਵਾਂ ਸਾਹਮਣੇ ਆਉਣ ਤੋਂ ਬਾਅਦ ਉਨ੍ਹਾਂ ਨੇ ਪਿਛਲੇ ਸਾਲ ਸਤੰਬਰ ਵਿੱਚ ਪ੍ਰੋਜੈਕਟ ਮੈਮਫਿਸ ਲਾਂਚ ਕੀਤਾ ਸੀ। ਇੱਕ ਮਾਮਲੇ ਵਿੱਚ ਮਸ਼ਕੂਕਾਂ ਨੇ ਇੱਕ ਘਰ ਵਿੱਚ ਦਾਖਲ ਹੋ ਕੇ ਘਰ ਦੇ ਜੀਆਂ ਉੱਤੇ ਹਮਲਾ ਕਰਕੇ ਉਨ੍ਹਾਂ ਤੋਂ ਪੈਸੇ ਦੀ ਮੰਗ ਕੀਤੀ। ਘਰ ਦੇ ਮੈਂਬਰਾਂ ਨੂੰ ਹੋਰ ਡਰਾਉਣ ਲਈ ਇੱਕ ਮਸ਼ਕੂਕ ਵੱਲੋਂ ਜ਼ਮੀਨ ਉੱਤੇ ਗੋਲੀ ਵੀ ਚਲਾਈ ਗਈ। ਫਿਰ ਮਸ਼ਕੂਕ ਘਰ ਤੋਂ ਜਾਂਦੇ ਸਮੇਂ 400,000 ਡਾਲਰ ਦੇ ਮੁੱਲ ਦੀ 2021 ਮਾਡਲ ਦੀ ਬੈਂਟਲੇ ਬੈਂਟਿਆਗਾ ਵੀ ਚੋਰੀ ਕਰਕੇ ਲੈ ਗਏ। ਪੁਲਿਸ ਨੇ ਦੱਸਿਆ ਕਿ ਚੋਰੀ ਦੀ ਇਸ ਗੱਡੀ ਨੂੰ ਜਲਦ ਹੀ ਲੱਭ ਲਿਆ ਗਿਆ ਤੇ ਜਾਂਚਕਾਰਾਂ ਨੇ ਇਸ ਨੂੰ ਆਪਣੇ ਕਬਜੇ ਵਿੱਚ ਵੀ ਲੈ ਲਿਆ।

ਇਸ ਮਾਮਲੇ ਵਿੱਚ ਦੋ ਮਸ਼ਕੂਕਾਂ ਸਮੇਤ ਇੱਕ ਮਹਿਲਾ ਮਸ਼ਕੂਕ ਦੀ ਪਛਾਣ ਵੀ ਕੀਤੀ ਗਈ, ਜਿਸ ਨੇ ਰੀਸਟੋਰ ਕੀਤੀ ਹੋਈ 2017 ਮਾਡਲ ਦੀ ਰੇਂਜ ਰੋਵਰ ਟਰਾਂਸਪੋਰਟੇਸ਼ਨ ਮੰਤਰਾਲੇ ਕੋਲ ਜਾਅਲੀ ਢੰਗ ਨਾਲ ਰਜਿਸਟਰ ਕਰਵਾਉਣ ਵਿੱਚ ਮਦਦ ਕੀਤੀ। ਇਸ ਸਬੰਧ ਵਿੱਚ ਪੁਲਿਸ ਵੱਲੋਂ ਕਿਚਨਰ ਦੇ 29 ਸਾਲਾ ਅਹਿਮਤ ਇਬ੍ਰਾਹਿਮੀ, 30 ਸਾਲਾ ਐਂਥਨੀ ਪੁਟਜ਼ੂ ਤੇ ਕੈਂਬ੍ਰਿੱਜ ਦੀ 28 ਸਾਲਾ ਡਾਇਨਾ ਬਿਟਿਕੀ ਨੂੰ ਕ੍ਰਾਈਮ ਨਾਲ ਹਾਸਲ ਕੀਤੀ ਪ੍ਰਾਪਰਟੀ, ਪੀਸ ਅਧਿਕਾਰੀ ਦੇ ਕੰਮ ਵਿੱਚ ਅੜਿੱਕਾ ਪਾਉਣ ਤੇ ਜਾਅਲੀ ਦਸਤਾਵੇਜ਼ ਤਿਆਰ ਕਰਨ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ।

ਇਸ ਮਾਮਲੇ ਦੀ ਜਾਂਚ ਦੌਰਾਨ ਪੁਲਿਸ ਨੇ ਆਖਿਆ ਕਿ ਉਨ੍ਹਾਂ ਪ੍ਰੋਵਿੰਸ਼ੀਅਲ ਕ੍ਰਾਈਮ ਰਿੰਗ ਦਾ ਪਰਦਾਫਾਸ਼ ਕੀਤਾ ਹੈ। ਇਸ ਰਿੰਗ ਦਾ ਸਬੰਧ ਡਰੱਗ ਸਮਗਲਿੰਗ, ਚੋਰੀ ਕੀਤੀਆਂ ਗਈਆਂ ਕਾਰਾਂ ਆਦਿ ਨਾਲ ਹੈ। ਇਸ ਸਬੰਧ ਵਿੱਚ ਇਸ ਸਾਲ ਦੇ ਸ਼ੁਰੂ ਵਿੱਚ ਪੁਲਿਸ ਵੱਲੋਂ ਪ੍ਰੋਜੈਕਟ ਮਾਇਰਾ ਸ਼ੁਰੂ ਕੀਤਾ ਗਿਆ ਸੀ ਤੇ 242 ਮੁਜਰਮਾਨਾ ਮਾਮਲਿਆਂ ਲਈ 28 ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਸੀ। ਜਾਂਚ ਦੌਰਾਨ ਪੁਲਿਸ ਨੂੰ 214 ਚੋਰੀ ਦੀਆਂ ਗੱਡੀਆਂ ਬਰਾਮਦ ਹੋਈਆਂ, ਜਿਨ੍ਹਾਂ ਦੀ ਕੀਮਤ 12 ਮਿਲੀਅਨ ਡਾਲਰ ਤੋਂ ਵੀ ਕਿਤੇ ਜ਼ਿਆਦਾ ਸੀ। ਜਾਂਚਕਾਰਾਂ ਦਾ ਕਹਿਣਾ ਹੈ ਕਿ ਚੋਰੀ ਦੀਆਂ ਗੱਡੀਆਂ ਨੂੰ ਗੈਰਕਾਨੂੰਨੀ ਢੰਗ ਨਾਲ ਰਜਿਸਟਰ ਕਰਵਾਉਣ ਵਿੱਚ ਮਦਦ ਕਰਨ ਲਈ ਸਰਵਿਸ ਓਨਟਾਰੀਓ ਦੇ ਕੁੱਝ ਕਰਮਚਾਰੀਆਂ ਨੂੰ ਵੀ ਦੋਸ਼ੀ ਪਾਇਆ ਗਿਆ ਹੈ।

ਪੀਲ ਪੁਲਿਸ ਨੇ ਦੱਸਿਆ ਕਿ ਪ੍ਰੋਜੈਕਟ ਮਾਇਰਾ ਨਾਲ ਸਬੰਧਤ ਜਾਂਚ ਦੌਰਾਨ ਇੱਕ ਹੋਰ ਗਰੁੱਪ ਸਾਹਮਣੇ ਆਇਆ। ਇਸ ਗਰੁੱਪ ਵੱਲੋਂ 17 ਮਈ, 2022 ਨੂੰ ਬਰੈਂਪਟਨ ਦੇ ਘਰ ਵਿੱਚ ਦਾਖਲ ਹੋ ਕੇ ਚਰੀ ਨੂੰ ਅੰਜਾਮ ਦਿੱਤਾ। ਇਸ ਲਈ ਬਰੈਂਪਟਨ ਦੇ ਦੋ ਵਿਅਕਤੀਆਂ 24 ਸਾਲਾ ਇਸਮਾਈਲ ਅਜੀਰੋਬਾ ਤੇ 25 ਸਾਲਾ ਸ਼ਰੀਫ ਰੌਬਿਨਸਨ ਨੂੰ ਗੱਡੀਆਂ ਚੋਰੀ ਕਰਨ ਤੇ ਹਥਿਆਰਾਂ ਨਾਲ ਸਬੰਧਤ ਕਈ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੁਲਿਸ ਨੇ ਦੱਸਿਆ ਕਿ ਗ੍ਰਿਫਤਾਰੀ ਸਮੇਂ ਦੋਵੇਂ ਵਿਅਕਤੀ ਪੈਰੋਲ ਉੱਤੇ ਜੇਲ੍ਹ ਤੋਂ ਬਾਹਰ ਸਨ। ਇਨ੍ਹਾਂ ਤੋਂ ਇਲਾਵਾ ਟੋਰਾਂਟੋ ਦੇ 24 ਸਾਲਾ ਹੈਰਿਸ ਮੁਹੰਮਦ ਨੂੰ ਡਾਕਿਆਂ ਤੇ ਹਥਿਆਰਾਂ ਨਾਲ ਸਬੰਧਤ ਜੁਰਮਾਂ ਲਈ ਅੱਠ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਬਾਰ ਦੇ ਬਾਹਰ ਇੱਕ ਵਿਅਕਤੀ ਨੂੰ ਮਾਰਿਆ ਗਿਆ ਚਾਕੂ




ਟੋਰਾਂਟੋ, 18 ਸਤੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਕ੍ਰਿਸਟੀ ਪਿੱਟਸ ਪਾਰਕ ਨੇੜੇ ਐਤਵਾਰ ਸਵੇਰੇ ਹੋਈ ਲੜਾਈ ਦੌਰਾਨ ਇੱਕ ਵਿਅਕਤੀ ਨੂੰ ਚਾਕੂ ਮਾਰ ਦਿੱਤਾ ਗਿਆ।

ਇਹ ਘਟਨਾ ਕ੍ਰਿਸਟੀ ਤੇ ਓਸਿੰਗਟਨ ਐਵਨਿਊਜ਼ ਦਰਮਿਆਨ 802 ਬਲੂਅਰ ਸਟਰੀਟ ਵੈਸਟ ਨੇੜੇ ਤੜਕੇ 3:45 ਤੋਂ ਠੀਕ ਪਹਿਲਾਂ ਵਾਪਰੀ। ਟੋਰਾਂਟੋ ਪੁਲਿਸ ਅਨੁਸਾਰ ਜਿਸ ਵਿਅਕਤੀ ਨੂੰ ਚਾਕੂ ਮਾਰਿਆ ਗਿਆ ਉਸ ਦੀ ਬਾਰ ਦੇ ਬਾਹਰ ਕੁੱਝ ਵਿਅਕਤੀਆਂ ਨਾਲ ਝੜਪ ਹੋ ਗਈ। ਜਾਂਚਕਾਰਾਂ ਨੇ ਦੱਸਿਆ ਕਿ ਤੂੰ ਤੂੰ ਮੈਂ ਮੈਂ ਤੋਂ ਬਾਅਦ ਉਸ ਵਿਅਕਤੀ ਨੂੰ ਅਹਿਸਾਸ ਹੋਇਆ ਕਿ ਉਸ ਨੂੰ ਚਾਕੂ ਮਾਰ ਦਿੱਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਜਿੱਥੇ ਉਸ ਦੀ ਹਾਲਤ ਸਥਿਰ ਤੇ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਟੋਰਾਂਟੋ ਪੁਲਿਸ ਫੋਰੈਂਸਿਕ ਆਇਡੈਂਟੀਫਿਕੇਸ਼ਨ ਸਰਵਿਸਿਜ਼ ਦੇ ਅਧਿਕਾਰੀਆਂ ਵੱਲੋਂ ਮੌਕੇ ਦਾ ਮੁਆਇਨਾ ਵੀ ਕੀਤਾ ਗਿਆ।

## ਸਪਾਈਸ ਜੈੱਟ ਦੀ ਫਲਾਈਟ ਦੀ ਅੰਮ੍ਰਿਤਸਰ ਵਿਚ ਹੋਈ ਐਮਰਜੈਂਸੀ ਲੈਂਡਿੰਗ

ਅੰਮ੍ਰਿਤਸਰ, 18 ਸਤੰਬਰ (ਪੋਸਟ ਬਿਊਰੋ): ਖਰਾਬ ਮੌਸਮ ਕਾਰਨ ਸਪਾਈਸ ਜੈੱਟ ਦੀ ਫਲਾਈਟ ਦੀ ਅੰਮ੍ਰਿਤਸਰ ਵਿਚ ਐਮਰਜੈਂਸੀ ਲੈਂਡਿੰਗ ਹੋਈ। ਇਹ ਫਲਾਈਟ ਦਿੱਲੀ ਤੋਂ ਉੱਡੀ ਸੀ ਅਤੇ ਇਸਨੂੰ ਲੇਹ 'ਚ ਖਰਾਬ ਮੌਸਮ ਕਾਰਨ ਅੰਮ੍ਰਿਤਸਰ 'ਚ ਐਮਰਜੈਂਸੀ ਲੈਂਡਿੰਗ ਕਰਨੀ ਪਈ। ਖਰਾਬ ਮੌਸਮ ਕਾਰਨ ਇਹ ਫਲਾਈਟ ਰਾਤ ਨੂੰ ਹੀ ਦਿੱਲੀ ਪਰਤ ਗਈ ਪਰ ਦਿੱਲੀ ਪਰਤਦਿਆਂ ਹੀ ਯਾਤਰੀਆਂ ਨੇ ਹੰਗਾਮਾ ਕਰ ਦਿੱਤਾ। ਸਪਾਈਸ ਜੈੱਟ ਨੂੰ ਯਾਤਰੀਆਂ ਦੇ ਰਹਿਣ ਦਾ ਪ੍ਰਬੰਧ ਕਰਨਾ ਪਿਆ। ਪ੍ਰਾਪਤ ਜਾਣਕਾਰੀ ਅਨੁਸਾਰ ਦਿੱਲੀ ਤੋਂ ਲੇਹ ਜਾਣ ਵਾਲੀ ਸਪਾਈਸ ਜੈੱਟ ਦੀ ਉਡਾਣ ਐਸਜੀ 123 ਨੇ ਕਰੀਬ 5 ਘੰਟੇ ਦੀ ਦੇਰੀ ਨਾਲ ਰ3.15 ਵਜੇ ਦੇ ਕਰੀਬ ਇੰਦਰਾ ਗਾਂਧੀ ਹਵਾਈ ਅੱਡੇ ਤੋਂ ਉਡਾਣ ਭਰੀ। ਫਲਾਈਟ ਲੇਹ ਪਹੁੰਚ ਗਈ ਪਰ ਖਰਾਬ ਮੌਸਮ ਕਾਰਨ ਇਸ ਨੂੰ ਲੇਹ 'ਚ ਲੈਂਡ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ।

# ਹਾਦਸੇ ਵਿੱਚ ਜ਼ਖ਼ਮੀ ਹੋਏ 26 ਸਾਲਾ ਮੋਟਰਸਾਈਕਲਿਸਟ ਦੀ ਹਾਲਤ ਨਾਜ਼ੁਕ



ਟੋਰਾਂਟੋ, 16 ਸਤੰਬਰ (ਪੋਸਟ ਬਿਊਰੋ) : ਡਾਊਨਟਾਊਨ ਟੋਰਾਂਟੋ ਵਿੱਚ ਹੋਏ ਹਾਦਸੇ ਕਾਰਨ ਇੱਕ ਮੋਟਰਸਾਈਕਲਿਸਟ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਤੇ ਗਾਰਡੀਨਰ ਐਕਸਪ੍ਰੈੱਸਵੇਅ ਤੇ ਡੌਨ ਵੈਲੀ ਪਾਰਕਵੇਅ ਦਾ ਵੱਡਾ ਹਿੱਸਾ ਬੰਦ ਕਰਨਾ ਪਿਆ।

ਇਹ ਹਾਦਸਾ ਸ਼ੁੱਕਰਵਾਰ ਤੜਕੇ 1:25 ਉੱਤੇ ਉਸ ਸਮੇਂ ਵਾਪਰਿਆ ਜਦੋਂ ਡੀਵੀਪੀ ਉੱਤੇ ਉੱਤਰ ਵੱਲ ਜਾ ਰਿਹਾ ਮੋਟਰਸਾਈਕਲ ਪ੍ਰਿੰਸ ਐਡਵਰਡ ਵਾਇਆਡਕਟ ਨੇੜੇ ਗਾਰਡਰੇਲ ਨਾਲ ਟਕਰਾ ਗਿਆ। ਪੁਲਿਸ ਦਾ ਕਹਿਣਾ ਹੈ ਕਿ 26 ਸਾਲਾ ਮੋਟਰਸਾਈਕਲ ਸਵਾਰ ਇਸ ਹਾਦਸੇ ਵਿੱਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ ਤੇ ਉਸ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ।

ਪੂਰਬ ਵਾਲੇ ਪਾਸੇ ਗਾਰਡੀਨਰ ਐਕਸਪ੍ਰੈੱਸਵੇਅ ਨੂੰ ਜਾਰਵਿਸ ਤੋਂ ਡੀਵੀਪੀ ਤੱਕ ਤੇ ਉੱਤਰ ਵਾਲੇ ਪਾਸੇ ਡੀਵੀਪੀ ਨੂੰ ਗਾਰਡੀਨਰ ਤੋਂ ਬੇਅਵਿਊ/ਬਲੂਅਰ ਰੈਂਪ ਤੱਕ ਬੰਦ ਕਰ ਦਿੱਤਾ ਗਿਆ ਸੀ। ਇਸ ਸੜਕ ਨੂੰ ਸਵੇਰੇ 7:00 ਵਜੇ ਖੋਲ੍ਹਿਆ ਗਿਆ।

# ਸਵ. ਸਤਬੀਰ ਸਿੰਘ ਦਰਦੀ ਦੀ ਨਿੱਘੀ ਯਾਦ ਨੂੰ ਸਮਰਪਿਤ ਸਲਾਨਾ ਸਨਮਾਨ ਸਮਾਗਮ ਆਯੋਜਿਤ

**-ਕਈ ਕਾਵਿ ਸੰਗ੍ਰਹਿ ਦਾ ਕੀਤਾ ਵਿਮੋਚਨ, ਉਘੀਆ ਸਖਸੀਅਤਾਂ ਦਾ ਕੀਤਾ ਸਨਮਾਨ**



ਪਟਿਆਲਾ, 18 ਸਤੰਬਰ (ਪੋਸਟ ਬਿਊਰੋ): ਸਰਬ ਕਲਾ ਦਰਪਣ ਪੰਜਾਬ ਅਤੇ ਵਿਸ਼ਵ ਬੁੱਧੀ ਜੀਵੀ ਫੋਰਮ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਦਾ ਸਲਾਨਾ ਯਾਦਗਾਰੀ ਸਨਮਾਨ ਸਮਾਗਮ-2022 ਪ੍ਰਭਾਤ ਪਰਵਾਨਾ ਯਾਦਗਾਰੀ ਹਾਲ ਪਟਿਆਲਾ ਵਿਖੇ ਸਤਬੀਰ ਸਿੰਘ ਦਰਦੀ ਦੀ ਨਿੱਘੀ ਯਾਦ ਸਮਰਪਿਤ ਕਰਕੇ ਕਰਵਾਇਆ ਗਿਆ। ਇਸ ਸਮਾਗਮ 'ਚ ਪਦਮ ਜਗਜੀਤ ਸਿੰਘ ਦਰਦੀ ਅਤੇ ਡਾ. ਵਿੰਦਰ ਕੌਰ ਦਰਦੀ ਨੇ ਮੁੱਖ ਮਹਿਮਾਨ ਵਜੋਂ ਸਿਰਕਤ ਕੀਤੀ। ਸਰਬ ਕਲਾ ਦਰਪਣ ਪੰਜਾਬ ਦੇ ਪ੍ਰਧਾਨ ਅਤੇ ਬਹੁਪੱਖੀ ਸਾਹਿਤਕਾਰ ਅਜਮੇਰ ਕੈਂਥ ਨੇ ਇਸ ਸਮਾਗਮ ਵਿੱਚ ਪੁਜੀਆਂ ਸ਼ਖਸੀਅਤਾ ਨੂੰ ਜੀ ਆਇਆ ਕਿਹਾ ਤੇ ਦਰਪਣ ਦੇ ਕਾਰਜਾਂ ਬਾਰੇ ਚਾਨਦਾ ਪਾਇਆ। ਅੱਜ ਦੇ ਇਸ ਸਮਾਗਮ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ।

ਪਹਿਲੇ ਭਾਗ ਵਿੱਚ ਤ੍ਰੈਭਾਸ਼ੀ ਕਵੀ ਦਰਬਾਰ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਕੁਲਦੀਪ ਸਿੰਘ ਅਤੇ ਪਰਵਿੰਦਰ ਸ਼ੌਖ ਨੇ ਕੀਤੀ ਅਤੇ ਇਸ ਮੁਸ਼ਾਇਰੇ ਵਿੱਚ ਦੋ ਦਰਜ਼ਨ ਦੇ ਕਰੀਬ ਸਮਰੱਥ ਸ਼ਾਇਰਾਂ ਨੇ ਆਪਣੇ ਕਲਾਮ ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਪ੍ਰਧਾਨਗੀ ਮੰਡਲ ਵਿੱਚ ਡਾ. ਤਰਲੋਕ ਸਿੰਘ, ਪ੍ਰੋ. ਹਿੰਮਤ ਸਿੰਘ, ਡਾ. ਹਰਜਿੰਦਰ ਵਾਲੀਆ, ਐਲ.ਆਰ. ਗੁਪਤਾ, ਡਾ ਇੰਦਰਪ੍ਰੀਤ ਕੌਰ ਸ਼ੁਸ਼ੋਭਿਤ ਹੋਏ।

ਇਸ ਸਮਾਗਮ ਦੇ ਦੂਸਰੇ ਦੌਰ ਵਿੱਚ ਅਜਮੇਰ ਕੈਂਥ ਦੀਆਂ ਕਹਾਣੀਆਂ ਦਾ ਸ਼ੈਲੀਗਤ ਅਧਿਐਨ, ਕਾਵਿ ਸੰਵਾਦ ਇੱਕ ਮੁਲਾਂਕਣ ਸੰਪਾਦਕ ਅਮਰਜੀਤ ਸਿੰਘ ਜ਼ੋਹਰਾ, ਸਾਹਿਤਕ ਸਰੋਕਾਰ ਸੰਪਾਦਕ ਨਵਦੀਪ ਕੌਰ, ਪ੍ਰਤੀਨਿਧ ਕਹਾਣੀਆਂ ਸੰਪਾਦਕ ਹਿਤੂ ਸੂਦ ਤੋਂ ਇਲਾਵਾ ਇਨਾਇਤ ਹਿੰਦੀ ਕਾਵਿ ਸੰਗ੍ਰਹਿ ਜਸਪ੍ਰੀਤ ਕੌਰ 'ਪ੍ਰੀਤ' ਅਤੇ ਸਿੱਖ, ਡਾ. ਗੁਰਦੀਪ ਕੌਰ ਆਦਿ ਪੁਸਤਕ ਦਾ ਵਿਮੋਚਨ ਮੁਖ ਮਹਿਮਾਨ ਅਤੇ ਪ੍ਰਧਾਨਗੀ ਮੰਡਲ ਨੇ ਕੀਤਾ। ਉਜਾਗਰ ਅੰਟਾਲ ਨੇ ਅਜਮੇਰ ਕੈਂਥ ਦੇ ਗੀਤਾ ਦਾ ਗਾਇਨ ਕਰਕੇ ਇਕ ਵੱਖਰੇ ਹੀ ਮਾਹੌਲ ਦੀ ਸਿਰਜਣਾ ਕਰ ਦਿੱਤੀ। ਸਮਾਗਮ ਦਾ ਤੀਸਰਾ ਦੌਰ ਹਰ ਸਾਲ ਦੀ ਤਰ੍ਹਾਂ ਹੀ ਇਸ ਵਰ੍ਹੇ ਵੀ ਪੰਜਾਬੀ ਸਾਹਿਤ ਅਤੇ ਹੋਰ ਕਲਾਵਾਂ ਨਾਲ ਜੁੜੀਆਂ ਹੋਈਆਂ ਪ੍ਰਮੁੱਖ ਸ਼ਖਸ਼ੀਅਤ, ਜਿਨ੍ਹਾਂ ਵਿੱਚ ਕ੍ਰਮਵਾਰ ਸਰਦਾਰਨੀ ਸੁਰਜੀਤ ਕੌਰ ਯਾਦਗਾਰੀ ਐਵਾਰਡ ਸੁਨੀਤਾ ਸਵਦੀਸ, ਸਰਦਾਰਨੀ ਹਰਵੰਤ ਕੌਰ ਯਾਦਗਰੀ ਐਵਾਰਡ ਪ੍ਰੋ. ਕਿਰਨ (ਡਾ), ਸਰਦਾਰਨੀ ਨਰਿੰਦਰ ਕੌਰ ਐਵਾਰਡ ਰੋਹਿਣੀ ਸੰਧੂ, ਡਾ. ਤਾਰਾ ਸਿੰਘ ਅੰਟਾਲ ਐਵਾਰਡ ਸ਼ਰਪ੍ਰੀਤ ਕੌਰ, ਸਰਦਾਰ ਸ਼ਾਮ ਸਿੰਘ ਐਵਾਰਡ ਪਰਵਿੰਦਰ ਸ਼ੋਖ, ਚਿੱਤਰਕਾਰ ਤਿਰਲੋਕ ਸਿੰਘ ਐਵਾਰਡ ਗੁਰਪ੍ਰੀਤ ਸਿੰਘ ਨਾਮਧਾਰੀ, ਗਿਆਨੀ ਹਰਨਾਮ ਸਿੰਘ ਦਰਦੀ ਐਵਾਰਡ ਡਾ. ਚਰਨਜੀਤ ਸਿੰਘ ਸਰਦਾਰ ਸਤਬੀਰ ਸਿੰਘ ਐਵਾਰਡ ਕਮੋਡੋਰ ਗੁਰਨਾਮ ਸਿੰਘ, ਫਲਾਈਂਗ ਅਫਸਰ ਗੁਰਚਰਨਜੀਤ ਸਿੰਘ ਐਵਾਰਡ ਡਾ. ਗੁਰਬਚਨ ਸਿੰਘ ਰਾਹੀ ਅਤੇ ਪੀ.ਐਨ.ਸ਼ਾਹੀ ਐਵਾਰਡ ਉਜਾਗਰ ਸਿੰਘ ਅੰਟਾਲ ਨੂੰ ਪ੍ਰਦਾਨ ਕੀਤੇ ਗਏ। ਇਸ ਵਾਰ ਇਹ ਦਸ ਐਵਾਰਡ ਦੇ ਕੇ ਦਰਪਣ ਅਤੇ ਫੋਰਮ ਨੇ ਵੱਖਰੀ ਤਰ੍ਹਾਂ ਦੇ ਸਰੋਕਾਰਾਂ ਦੀ ਸਿਰਜਣਾ ਕੀਤੀ।

ਕਵੀ ਦਰਬਾਰ ਵਿੱਚ ਸਾਰੇ ਸ਼ਾਇਰਾਂ ਨੂੰ ਬਹੁਤ ਹੀ ਖੂਬਸੂਰਤੀ ਨਾਲ ਕਰਮਵਾਰ ਪ੍ਰੋ. ਗੁਰਬਖਸ਼ੀਸ਼ ਸਿੰਘ ਅਤੇ ਸਾਗਰ ਸੂਦ ਨੇ ਸਰੋਤਿਆਂ ਮੂਹਰੇ ਪੇਸ਼ ਕੀਤਾ ਅਤੇ ਮੁੱਖ ਮਹਿਮਾਨ ਪਦਮਸ੍ਰੀ ਜਗਜੀਤ ਸਿੰਘ ਦਰਦੀ ਨੇ ਸਾਰੇ ਸਮਾਗਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸਤਬੀਰ ਸਿੰਘ ਦਰਦੀ ਦੀ ਯਾਦ ਨੂੰ ਸਮਰਪਿਤ ਕਰਕੇ ਇਸ ਸਮਾਗਮ 'ਚ ਹਾਜਰ ਸਖਸੀਅਤਾਂ ਅਤੇ ਸਰੋਤਿਆਂ ਦੀ ਭੀੜ ਨੇ ਦੱਸ ਦਿੱਤਾ ਹੈ ਕਿ ਸਤਬੀਰ ਸਿੰਘ ਦਾ ਲੋਕਾਂ ਨਾਲ ਕਿੰਨਾ ਪਿਆਰ ਅਤੇ ਇਸ ਸਮਾਗਮ ਦੇ ਆਰਗੇਨਾਈਜ਼ਰ ਦਾ ਕਿੰਨਾ ਜ਼ਿਆਦਾ ਸਨੇਹ ਅਤੇ ਮੁਹੱਬਤ ਸੀ। ਉਹਨਾਂ ਕਿਹਾ ਚੜ੍ਹਦੀਕਲਾ ਗਰੁੱਪ ਵੱਲੋਂ ਅਸੀਂ ਹਰ ਤਰ੍ਹਾਂ ਦਾ ਸਹਿਯੋਗ ਹਰ ਵਰ੍ਹੇ ਸਰਬਕਲਾ ਦਰਪਣ ਨੂੰ ਦਿੰਦੇ ਰਹਾਂਗੇ। ਖਚਾਖਚ ਭਰੇ ਹਾਲ ਵਿੱਚ ਸਾਰੇ ਸਰੋਤਿਆਂ ਨੇ ਸਮਾਗਮ ਦਾ ਪੂਰੀ ਤਰ੍ਹਾਂ ਆਨੰਦ ਮਾਣਿਆ। ਇਸ ਦੌਰਾਨ ਆਪਣੇ ਭਾਸਣ ਵਿਚ ਕਿਹਾ ਕਿ ਮਸੀਨਰੀ ਕੋਈ ਵੀ ਸਬਦ ਪੈਦਾ ਨਹੀਂ ਕਰ ਸਕਦੀ, ਸਾਡੀ ਕਿਰਤ ਹੀ ਕੰਮ ਆਉਂਦੀ ਹੈ। ਉਨਾ ਕਿਹਾ ਕਿ ਸਾਡੇ ਕਵੀ ਅਸਲੀਲਤਾਂ ਅਤੇ ਇਕ ਦੂਜੇ ਦੇ ਸੁਪਨਿਆ ਤੇ ਅਧਾਰਿਤ ਕਾਵਿ ਸੈਲੀ ਛੱਡ ਕੇ ਸਮਾਜ ਨੂੰ ਸੇਧ ਦੇਣ ਵਾਲੀਆਂ ਕਹਾਣੀਆ ਅਤੇ ਰਚਨਾਵਾ ਦੀ ਸਿਰਜਨਾ ਕਰਨ।



# ਪੰਜਾਬ ਦੇ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕੋਵਿਡ ਯੋਧਿਆਂ ਦਾ ਕੀਤਾ ਸਨਮਾਨ

## ਸਰੀਰਕ ਤੌਰ 'ਤੇ ਤੰਦਰੁਸਤ ਰਹਿਣ ਲਈ ਚੰਗੀ ਮਾਨਸਿਕ ਸਿਹਤ ਲਾਜ਼ਮੀ : ਜੌੜਾਮਾਜਰਾ



ਚੰਡੀਗੜ੍ਹ, 18 ਸਤੰਬਰ (ਪੋਸਟ ਬਿਊਰੋ): ਐਸ ਆਰ ਐਸ ਫਾਉਂਡੇਸ਼ਨ ਵੱਲੋਂ ਚੰਡੀਗੜ੍ਹ ਵਿਖੇ ਇੱਕ ਮੈਡੀਕਲ ਕਾਨਫਰੰਸ, ਸਿਹਤ ਅਤੇ ਤੰਦਰੁਸਤੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਚੇਤਨ ਸਿੰਘ ਜੌੜਾਮਾਜਰਾ ਨੇ ਕੀਤੀ। ਪ੍ਰੋਗਰਾਮ ਦਾ ਉਦੇਸ਼ ਮਹਾਂਮਾਰੀ ਦੇ ਸਮੇਂ ਦੌਰਾਨ ਕੋਰੋਨਾ ਯੋਧਿਆਂ ਦੇ ਯੋਗਦਾਨ ਨੂੰ ਪਛਾਣਨ ਅਤੇ ਪ੍ਰਸ਼ੰਸਾ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਨਾ ਸੀ।

ਮੈਡੀਕਲ ਅਤੇ ਪੈਰਾ-ਮੈਡੀਕਲ ਪੇਸ਼ੇਵਰਾਂ ਨੂੰ ਧਰਤੀ 'ਤੇ ਪ੍ਰਮਾਤਮਾ ਦੀ ਮੂਰਤ ਦੱਸਦਿਆਂ ਸ੍ਰੀ ਜੌੜਾਮਾਜਰਾ ਨੇ ਡਾਕਟਰਾਂ ਅਤੇ ਪੈਰਾਮੈਡੀਕਲ ਸਟਾਫ ਜਿਵੇਂ ਕਿ ਨਰਸਾਂ, ਵਾਰਡ ਬੁਆਏ ਅਤੇ ਸੁਰੱਖਿਆ ਗਾਰਡਾਂ ਨੂੰ ਸਨਮਾਨਿਤ ਕੀਤਾ।

ਇਕੱਠ ਨੂੰ ਸੰਬੋਧਨ ਕਰਦਿਆਂ ਜੌੜਾਮਾਜਰਾ ਨੇ ਕਿਹਾ ਕਿ ਡਾਕਟਰੀ ਪੇਸ਼ੇਵਰਾਂ ਨੇ ਕੋਵਿਡ ਨਾਲ ਨਜਿੱਠਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ, ਉਹ ਸਮਾਂ ਸੀ ਜਦੋਂ ਪਰਿਵਾਰਕ ਮੈਂਬਰ ਵੀ ਆਪਣੇ ਮਰ ਰਹੇ ਰਿਸ਼ਤੇਦਾਰਾਂ ਦੇ ਨੇੜੇ ਆਉਣ ਦੀ ਹਿੰਮਤ ਨਹੀਂ ਕਰਦੇ ਸਨ ਪਰ ਇਨ੍ਹਾਂ ਪੇਸ਼ੇਵਰਾਂ ਨੇ ਬਿਨਾਂ ਕਿਸੇ ਡਰ ਦੇ ਆਪਣੀ ਡਿਊਟੀ ਨਿਭਾਈ ਅਤੇ ਆਪਣੇ ਯਤਨਾਂ ਨਾਲ ਅਨੇਕਾਂ ਜਾਨਾਂ ਬਚਾਈਆਂ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸਿਹਤ ਖੇਤਰ ਦਾ ਸੁਧਾਰ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਸਭ ਤੋਂ ਵੱਡੀ ਤਰਜੀਹ ਹੈ ਅਤੇ ਉਨ੍ਹਾਂ ਦੀ ਸਰਕਾਰ, ਸਰਕਾਰੀ ਹਸਪਤਾਲਾਂ ਵਿੱਚ ਮਿਆਰੀ ਸਿਹਤ ਸੇਵਾਵਾਂ ਉਪਲਬਧ ਕਰਵਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।

ਉਨ੍ਹਾਂ ਸੂਬੇ ਵਿੱਚ ਸਸਤੀ ਮੈਡੀਕਲ ਸਿੱਖਿਆ ਮੁਹੱਈਆ ਕਰਵਾਉਣ 'ਤੇ ਵੀ ਜ਼ੋਰ ਦਿੱਤਾ ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਮੋਟੀਆਂ ਫੀਸਾਂ ਦੇ ਕੇ ਡਾਕਟਰੀ ਸਿੱਖਿਆ ਲਈ ਵਿਦੇਸ਼ਾਂ ਵਿੱਚ ਨਾ ਜਾਣਾ ਪਵੇ।

ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਪਦਮ ਸੰਤ ਬਲਬੀਰ ਸਿੰਘ ਸੀਚੇਵਾਲ ਉੱਘੇ ਵਾਤਾਵਰਣ ਪ੍ਰੇਮੀ ਨੇ ਗੁਰਬਾਣੀ ਦੇ ਸ਼ਬਦ 'ਪਵਨ ਗੁਰੂ, ਪਾਣੀ ਪਿਤਾ ਮਾਤਾ ਧਰਤਿ ਮਹਤੁ' ਦਾ ਉਚਾਰਨ ਕਰਦਿਆਂ ਵਾਤਾਵਰਣ ਦੀ ਸੁਰੱਖਿਆ 'ਤੇ ਜ਼ੋਰ ਦਿੱਤਾ, ਜਿਸ ਵਿੱਚ ਧਰਤੀ 'ਤੇ ਜੀਵਨ ਤਿੰਨ ਥੰਮ੍ਹਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ।

ਇਸ ਮੌਕੇ 'ਤੇ ਕੋਵਿਡ ਮਹਾਂਮਾਰੀ ਦੇ ਸਮੇਂ ਦੌਰਾਨ ਜੀਵਨ ਬਾਰੇ ਇੱਕ ਪੈਨਲ ਚਰਚਾ ਵੀ ਕਰਵਾਈ ਗਈ ਜਿਸ ਵਿੱਚ ਮੈਡੀਕਲ, ਅਧਿਆਤਮਿਕ ਅਤੇ ਮਨੋਵਿਗਿਆਨ ਦੇ ਵਿਸ਼ਾ ਮਾਹਿਰਾਂ ਨੇ ਭਾਗ ਲਿਆ। ਡਾ. ਗੁਰਬੀਰ ਸਿੰਘ, ਡਾ.ਦਿਗੰਬਰ, ਯੋਗੀ ਅਮਨਦੀਪ ਸਿੰਘ ਅਤੇ ਰੀਨਾ ਗੁਪਤਾ ਨੇ ਅੱਜ ਦੇ ਹਾਲਾਤ ਵਿੱਚ ਚੰਗੀ ਮਾਨਸਿਕ ਸਿਹਤ ਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ ਕਿਉਂਕਿ ਸਾਡੇ ਵਿੱਚੋਂ ਹਰ ਕੋਈ ਕਿਸੇ ਨਾ ਕਿਸੇ ਤਣਾਅ ਵਿੱਚ ਰਹਿੰਦਾ ਹੈ ਜਿਸ ਕਾਰਨ ਅਕਸਰ ਸਰੀਰਕ ਸਿਹਤ ਵੀ ਖਰਾਬ ਹੋ ਜਾਂਦੀ ਹੈ।

ਐਸ.ਆਰ.ਐਸ. ਫਾਊਂਡੇਸ਼ਨ ਦੇ ਡਾਇਰੈਕਟਰ ਡਾ. ਸਾਜਨ ਸ਼ਰਮਾ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਤੇ ਸਿਹਤ ਮੰਤਰੀ ਪੰਜਾਬ ਸ੍ਰੀ ਜੌੜਾਮਾਜਰਾ ਦੀ ਯੋਗ ਅਗਵਾਈ ਹੇਠ ਸਾਡੀ ਸੰਸਥਾ ਪੰਜਾਬ ਰਾਜ ਦੇ ਸਿਹਤ ਖੇਤਰ ਨੂੰ ਦੇਸ਼ ਵਿੱਚ ਨੰਬਰ ਇੱਕ ਬਣਾਉਣ ਲਈ ਯਤਨਸ਼ੀਲ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਚਮਕੌਰ ਸਾਹਿਬ ਤੋਂ ਵਿਧਾਇਕ ਡਾ. ਚਰਨਜੀਤ ਸਿੰਘ ਅਤੇ ਮੋਗਾ ਤੋਂ ਵਿਧਾਇਕ ਡਾ. ਅਮਨਦੀਪ ਕੌਰ, ਰਾਜਪੁਰਾ ਤੋਂ ਵਿਧਾਇਕਾ ਨੀਨਾ ਮਿੱਤਲ ਅਤੇ 'ਆਪ' ਮੁਹਾਲੀ ਦੇ ਜ਼ਿਲ੍ਹਾ ਪ੍ਰਧਾਨ ਡਾ. ਪ੍ਰਭਜੋਤ ਕੌਰ ਹਾਜ਼ਰ ਸਨ।

# ਸੜਕ ਹਾਦਸਿਆਂ 'ਚ ਜਾਨਾਂ ਬਚਾਉਣ ਅਤੇ ਸੜਕੀ ਸੁਰੱਖਿਆ ਕਾਰਜਾਂ 'ਚ ਸਹਿਯੋਗ ਲਈ ਪੰਜਾਬ ਸਮਾਜਿਕ ਸੰਸਥਾਵਾਂ ਅਤੇ ਵਿੱਦਿਅਕ ਅਦਾਰਿਆਂ ਨੂੰ ਬਣਾਏਗਾ ਭਾਈਵਾਲ : ਭੁੱਲਰ

ਚੰਡੀਗੜ੍ਹ, 18 ਸਤੰਬਰ (ਪੋਸਟ ਬਿਊਰੋ): ਪੰਜਾਬ ਵਿੱਚ ਸੜਕ ਹਾਦਸਿਆਂ ਦੌਰਾਨ ਅਜਾਈਂ ਜਾਂਦੀਆਂ ਜਾਨਾਂ ਬਚਾਉਣ ਨੂੰ ਤਰਜੀਹ ਦਿੰਦਿਆਂ ਪੰਜਾਬ ਸਰਕਾਰ ਨੇ ਸੜਕ ਸੁਰੱਖਿਆ ਕਾਰਜਾਂ ਵਿੱਚ ਸਹਾਇਤਾ ਲਈ ਮਾਹਰ ਸੰਸਥਾਵਾਂ, ਯੂਨੀਵਰਸਿਟੀਆਂ/ਕਾਲਜਾਂ, ਗ਼ੈਰ-ਸਰਕਾਰੀ ਸੰਗਠਨਾਂ ਅਤੇ ਰਜਿਸਟਰਡ ਸੁਸਾਇਟੀਆਂ ਨੂੰ ਸ਼ਾਮਲ ਕਰਨ ਦਾ ਫ਼ੈਸਲਾ ਕੀਤਾ ਹੈ।

ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਇਹ ਸੰਸਥਾਵਾਂ ਸੂਬਾ ਜਾਂ ਕੇਂਦਰ ਸਰਕਾਰ ਕੋਲ ਰਜਿਸਟਰਡ ਹੋਣਗੀਆਂ ਅਤੇ ਸੜਕ ਸੁਰੱਖਿਆ ਦੇ ਕੰਮਾਂ ਜਿਵੇਂ ਸੜਕ ਸੁਰੱਖਿਆ ਆਡਿਟ, ਹਾਦਸਿਆਂ ਸਬੰਧੀ ਜਾਂਚ, ਐਂਬੂਲੈਂਸ ਮੈਪਿੰਗ, ਵੱਧ ਹਾਦਸਿਆਂ ਵਾਲੀਆਂ ਥਾਵਾਂ ਦੀ ਸ਼ਨਾਖ਼ਤ, ਭਾਈਵਾਲਾਂ ਦੀ ਸਿਖਲਾਈ ਅਤੇ ਰਾਜ ਵਿੱਚ ਸੜਕ ਸੁਰੱਖਿਆ ਸਬੰਧੀ ਜਾਗਰੂਕਤਾ ਮੁਹਿੰਮਾਂ ਆਦਿ ਕੰਮਾਂ ਵਿੱਚ ਸ਼ਾਮਲ ਹੋਣਗੀਆਂ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਸੜਕ ਸੁਰੱਖਿਆ ਕਾਰਜਾਂ 'ਚ ਮਾਹਰ ਸੰਸਥਾਵਾਂ ਨਾਲ ਜਲਦ ਤੋਂ ਜਲਦ ਤਾਲਮੇਲ ਕਰਨ ਅਤੇ ਉਨ੍ਹਾਂ ਨੂੰ ਸੂਚੀਬੱਧ ਕਰਨ ਦਾ ਕੰਮ ਪੰਜਾਬ ਰਾਜ ਸੜਕ ਸੁਰੱਖਿਆ ਕੌਂਸਲ ਨੂੰ ਸੌਂਪਿਆ ਗਿਆ ਹੈ, ਜੋ ਸੜਕ ਸੁਰੱਖਿਆ ਬਾਰੇ ਸੁਪਰੀਮ ਕੋਰਟ ਦੀ ਕਮੇਟੀ ਦੇ ਨਿਰਦੇਸ਼ਾਂ ਤਹਿਤ ਗਠਿਤ ਸੜਕ ਸੁਰੱਖਿਆ ਬਾਰੇ ਮੋਹਰੀ ਏਜੰਸੀ ਹੈ ਅਤੇ ਪੰਜਾਬ ਵਿੱਚ ਵੱਖ-ਵੱਖ ਆਵਾਜਾਈ ਪ੍ਰਬੰਧਾਂ ਅਤੇ ਸੜਕੀ ਸੁਰੱਖਿਆ ਉਪਾਵਾਂ ਦੇ ਲਾਗੂਕਰਨ ਅਤੇ ਇਨ੍ਹਾਂ ਪ੍ਰਬੰਧਾਂ ਦੀ ਨਜ਼ਰਸਾਨੀ ਕਰਦੀ ਹੈ।

ਯੋਗ ਸੰਸਥਾਵਾਂ ਨੂੰ ਦੋ ਸਾਲਾਂ ਦੀ ਮਿਆਦ ਲਈ ਸੂਚੀਬੱਧ ਕੀਤਾ ਜਾਵੇਗਾ ਅਤੇ ਸਮੇਂ-ਸਮੇਂ 'ਤੇ ਆਵਾਜਾਈ ਪ੍ਰਬੰਧਨ ਅਤੇ ਸੜਕ ਸੁਰੱਖਿਆ ਨਾਲ ਸਬੰਧਤ ਕੰਮ ਸੌਂਪਿਆ ਜਾਵੇਗਾ। ਇਹ ਸੰਸਥਾਵਾਂ ਲੀਡ ਏਜੰਸੀ ਅਤੇ ਸੂਬਾ ਸਰਕਾਰ ਨੂੰ ਵਿਸ਼ੇਸ਼ ਤੌਰ 'ਤੇ "ਪੰਜਾਬ ਵਿੱਚ ਆਵਾਜਾਈ ਪ੍ਰਬੰਧਨ ਅਤੇ ਸੜਕ ਸੁਰੱਖਿਆ ਲਈ ਐਕਸ਼ਨ ਪਲਾਨ" ਤਿਆਰ ਕਰਨ ਵਿੱਚ ਤਕਨੀਕੀ ਸਹਾਇਤਾ ਪ੍ਰਦਾਨ ਕਰਨਗੀਆਂ ਅਤੇ ਨਾਲ ਹੀ ਕੌਮੀ ਰਾਜ ਮਾਰਗਾਂ, ਰਾਜ ਮਾਰਗਾਂ ਅਤੇ ਪੰਜਾਬ ਦੀਆਂ ਹੋਰ ਪ੍ਰਮੁੱਖ ਜ਼ਿਲ੍ਹਾ ਸੜਕਾਂ 'ਤੇ ਆਵਾਜਾਈ ਪ੍ਰਬੰਧਨ ਪ੍ਰਤੀ ਸੜਕ ਸੁਰੱਖਿਆ ਭਾਈਵਾਲਾਂ ਨੂੰ ਜਾਗਰੂਕ ਕਰਨ ਅਤੇ ਸਮਰੱਥਾ ਵਧਾਉਣ ਲਈ ਕੰਮ ਕਰਨਗੀਆਂ।

ਉਨ੍ਹਾਂ ਕਿਹਾ ਕਿ ਸੂਚੀਬੱਧ ਸੰਸਥਾਵਾਂ/ਅਦਾਰੇ ਸੜਕ ਸੁਰੱਖਿਆ 'ਤੇ ਲੀਡ ਏਜੰਸੀ, ਟ੍ਰੈਫ਼ਿਕ ਪੁਲਿਸ ਅਤੇ ਟਰਾਂਸਪੋਰਟ ਵਿਭਾਗ ਨੂੰ ਕੰਮ ਕਰਨ ਅਤੇ ਭਰੋਸੇਯੋਗ ਸਿੱਟੇ ਪ੍ਰਦਾਨ ਕਰਨਗੇ ਅਤੇ ਲੋੜੀਂਦਾ ਸਮਰਥਨ ਦੇਣਗੇ ਤਾਂ ਜੋ ਬਿਹਤਰ ਸੜਕ ਸੁਰੱਖਿਆ ਪ੍ਰਬੰਧਨ ਅਤੇ ਸੁਰੱਖਿਆ ਦਾ ਮਾਹੌਲ ਬਣਾਇਆ ਜਾ ਸਕੇ। ਇਹ ਸੰਸਥਾਵਾਂ ਪੰਜਾਬ ਵਿੱਚ ਸੜਕ ਸੁਰੱਖਿਆ ਸਬੰਧੀ ਜਾਗਰੂਕਤਾ ਸਮੱਗਰੀ ਜਿਵੇਂ ਪੋਸਟਰ, ਪੈਂਫ਼ਲਿਟ, ਸਕਿੱਟ, ਵੀਡੀਓ/ਆਡੀਓ ਸਮੱਗਰੀ ਆਦਿ ਤਿਆਰ ਕਰਨ, ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀਆਂ ਦੇ ਸਹਿਯੋਗ ਨਾਲ ਸੜਕ ਸੁਰੱਖਿਆ ਸਿੱਖਿਆ ਅਤੇ ਜਾਗਰੂਕਤਾ ਮੁਹਿੰਮਾਂ ਚਲਾਉਣ, ਰਾਹਗੀਰਾਂ ਦੇ ਵਿਹਾਰ ਜਾਂਚਣ ਤੇ ਸਰਵੇਖਣ ਲਈ ਸੂਚਨਾ, ਸਿੱਖਿਆ ਅਤੇ ਸੰਚਾਰ ਸਮੱਗਰੀ ਤਿਆਰ ਕਰਨ, ਮੋਟਰ ਵਹੀਕਲ ਐਕਟ ਦੀ ਧਾਰਾ 135 ਤਹਿਤ ਕੇਂਦਰ/ਰਾਜ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਸੜਕ ਹਾਦਸਿਆਂ ਦੀ ਜਾਂਚ ਲਈ ਟ੍ਰੈਫਿਕ ਇਨਫੋਰਸਮੈਂਟ, ਇੰਜੀਨੀਅਰਿੰਗ ਅਤੇ ਹੋਰ ਸਬੰਧਤ ਏਜੰਸੀਆਂ ਦੀ ਸਹਾਇਤਾ ਕਰਨ, ਰਾਜ ਮਾਰਗਾਂ, ਪ੍ਰਮੁੱਖ ਜ਼ਿਲ੍ਹਾ ਸੜਕਾਂ ਅਤੇ ਕੌਮੀ ਰਾਜ ਮਾਰਗਾਂ ਆਦਿ 'ਤੇ ਆਈ.ਆਰ.ਸੀ. ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੜਕ ਸੁਰੱਖਿਆ ਆਡਿਟ ਕਰਨ, ਪੰਜਾਬ ਵਿੱਚ ਵੱਧ ਹਾਦਸਿਆਂ ਵਾਲੀਆਂ ਥਾਵਾਂ ਦੀ ਸ਼ਨਾਖ਼ਤ ਅਤੇ ਸਮੀਖਿਆ ਕਰਨ ਅਤੇ ਵੱਖ-ਵੱਖ ਸੜਕ ਹਾਦਸਿਆਂ/ਟ੍ਰੈਫ਼ਿਕ ਡੇਟਾ ਜਾਂ ਹੋਰ ਉਪਲਬਧ ਡੇਟਾ ਅਤੇ ਰਿਪੋਰਟਾਂ ਤਿਆਰ ਕਰਨ ਲਈ ਲੀਡ ਏਜੰਸੀ ਨੂੰ ਸਹਾਇਤਾ ਪ੍ਰਦਾਨ ਕਰਨਗੀਆਂ।

ਉਨ੍ਹਾਂ ਕਿਹਾ ਕਿ ਸੰਸਥਾ ਉੱਤੇ ਰਾਜ ਸਰਕਾਰ ਵੱਲੋਂ ਕਿਸੇ ਵੀ ਪੁਰਾਣੇ ਪ੍ਰਾਜੈਕਟਾਂ ਵਿੱਚ ਰੋਕ ਨਾ ਲੱਗੀ ਹੋਵੇ ਜਾਂ ਬਲੈਕਲਿਸਟ ਨਾ ਕੀਤੀ ਹੋਵੇ ਅਤੇ ਇਨ੍ਹਾਂ ਸੰਸਥਾਵਾਂ ਨੂੰ ਚੁਣੇ ਕਮਿਊਨਿਟੀ ਗਰੁੱਪਾਂ ਵਿੱਚ ਜਾਗਰੂਕਤਾ ਫੈਲਾਉਣ ਲਈ ਸਰਗਰਮ ਰਣਨੀਤੀਆਂ ਅਤੇ ਮੁਹਿੰਮਾਂ ਨੂੰ ਤਿਆਰ ਕਰਨ, ਵਿਕਸਤ ਕਰਨ ਅਤੇ ਚਲਾਉਣ ਵਿੱਚ ਮੁਹਾਰਤ ਹੋਣੀ ਚਾਹੀਦੀ ਹੈ। ਇਨ੍ਹਾਂ ਸੰਸਥਾਵਾਂ ਲਈ ਸੜਕ ਸੁਰੱਖਿਆ ਆਡਿਟ/ਵੱਧ ਹਾਦਸਿਆਂ ਵਾਲੀਆਂ ਥਾਵਾਂ ਦੀ ਸ਼ਨਾਖ਼ਤ ਕਰਵਾਉਣ, ਮੋਬਿਲਟੀ ਯੋਜਨਾਵਾਂ ਅਤੇ ਹੋਰ ਸਹਾਇਕ ਖੇਤਰਾਂ ਵਿੱਚ ਰਾਜ, ਜ਼ਿਲ੍ਹਾ ਅਤੇ ਉਪ-ਜ਼ਿਲ੍ਹਾ ਪੱਧਰ 'ਤੇ ਸਬੰਧਤ ਭਾਈਵਾਲ ਵਿਭਾਗਾਂ ਦੇ ਨਾਲ ਸਾਮਾਨ ਪ੍ਰਾਜੈਕਟਾਂ ਦੇ ਪ੍ਰਬੰਧਨ ਅਤੇ ਢੁਕਵੇਂ ਪੇਸ਼ੇਵਰਾਂ ਵੱਲੋਂ ਕਿਸੇ ਹੋਰ ਖੇਤਰ ਵਿੱਚ ਇਸ ਤਰ੍ਹਾਂ ਦੇ ਪ੍ਰਾਜੈਕਟਾਂ ਨੂੰ ਲਾਗੂ ਕਰਨ ਦਾ ਤਜਰਬਾ ਹੋਣਾ ਲਾਜ਼ਮੀ ਹੈ। ਸੜਕ ਸੁਰੱਖਿਆ ਅਤੇ ਆਵਾਜਾਈ ਪ੍ਰਬੰਧਨ ਦੇ ਕੰਮਾਂ ਵਿੱਚ ਢੁਕਵਾਂ ਤਜਰਬਾ ਰੱਖਣ ਵਾਲੀਆਂ ਸੰਸਥਾਵਾਂ ਜਾਂ ਮਾਹਿਰ ਸੰਸਥਾਵਾਂ 3 ਅਕਤੂਬਰ ਤੱਕ ਅਪਲਾਈ ਕਰ ਸਕਦੀਆਂ ਹਨ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

WE'RE HIRING
Esthetician/Hairstylist
Fantasie Salon
And Spa is hiring both the positions
full time and part time
Minimum 2 years of experience required.
Contact 437-999-9300

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਡੈਮੋਕਰੇਟਿਕ ਮਨਰੇਗਾ ਫਰੰਟ ਪੰਜਾਬ ਵੱਲੋਂ ਅਨਾਜ ਮੰਡੀ ਸੰਗਰੂਰ ਵਿਖੇ ਸੂਬਾ ਪੱਧਰੀ ਕਾਨਫਰੰਸ 8 ਅਕਤੂਬਰ ਨੂੰ

ਦਿੜ੍ਹਬਾ, 18 ਸਤੰਬਰ (ਪੋਸਟ ਬਿਊਰੋ): ਡੈਮੋਕਰੇਟਿਕ ਮਨਰੇਗਾ ਫਰੰਟ ਪੰਜਾਬ ਵਲੋਂ ਮਿਤੀ 8 ਅਕਤੂਬਰ 2022 ਨੂੰ ਅਨਾਜ ਮੰਡੀ ਸੰਗਰੂਰ ਵਿਖੇ ਸੂਬਾ ਪੱਧਰੀ ਕਾਨਫਰੰਸ ਕੀਤੀ ਜਾ ਰਹੀ ਹੈ। ਕਾਨਫਰੰਸ ਦੀ ਤਿਆਰੀ ਸਬੰਧੀ ਦਿੜਬਾ ਵਿਖੇ ਬਲਾਕ ਪੱਧਰੀ ਮੀਟਿੰਗ ਕੀਤੀ ।



ਮੀਟਿੰਗ ਨੂੰ ਸੰਬੋਧਨ ਕਰਦਿਆਂ ਡੀ ਐਮ ਐਫ ਬਲਾਕ ਦਿੜਬਾ ਦੇ ਸਲਾਹਕਾਰ ਚੰਦ ਸਿੰਘ ਰੋਗਲਾ , ਜਗਮੇਲ ਸਿੰਘ ਰੋਗਲਾ, ਸਰਬਜੀਤ ਕੌਰ ਕਾਹਨਗੜ, ਭੁਪਿੰਦਰ ਕੌਰ ਸਿਹਾਲ, ਅਵਤਾਰ ਸਿੰਘ ਸੂਲਰ, ਪ੍ਰਗਟ ਸਿੰਘ ਲਾਡਵੰਨਜਾਰਾ ਕਲਾਂ, ਸਰਬਜੀਤ ਕੌਰ ਸਮੂਰਾਂ, ਜਸਵੰਤ ਕੌਰ ਸਫੀਪੁਰ ਕਲਾਂ, ਮਨਪ੍ਰੀਤ ਕੌਰ ਰੋਗਲਾ ਅਤੇ ਤਰਸੇਮ ਸਿੰਘ ਢੰਡੋਲੀ ਖੁਰਦ ਆਦਿ ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਦੇ ਜਿਲ੍ਹਾ ਸੰਗਰੂਰ ਅੰਦਰ ਅਤੇ ਮੁੱਖ ਮੰਤਰੀ ਦੇ ਅਪਣੇ ਪਿੰਡ ਸਤੌਜ ਵਿਖੇ ਵੀ ਲਿਖਤੀ ਤੌਰ ਤੇ ਕੰਮ ਮੰਗਣ ਦੇ ਬਾਵਜੂਦ ਕੰਮ ਨਹੀਂ ਦਿੱਤਾ ਜਾ ਰਿਹਾ । ਉਹਨਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਤਕਰੀਬਨ 17 ਸਾਲ ਪਹਿਲਾਂ ਮਗਨਰੇਗਾ ਕਾਨੂੰਨ ਤਹਿਤ 100 ਦਿਨ ਦੇ ਰੋਜ਼ਗਾਰ ਦੀ ਗਾਰੰਟੀ ਦੇਣ ਦਾ ਕਾਨੂੰਨ ਬਣਾਇਆ ਅਤੇ 2013 ਅੰਦਰ 5 ਏਕੜ ਤੱਕ ਦੇ ਕਿਸਾਨਾਂ ਨੂੰ ਵੀ ਅਪਣੇ ਖੇਤ ਅੰਦਰ ਕੰਮ ਕਰਕੇ ਮਗਨਰੇਗਾ ਤਹਿਤ ਰੁਜ਼ਗਾਰ ਹਾਸਲ ਕਰਨ ਲਈ ਕਾਨੂੰਨ ਵਿੱਚ ਵਾਧਾ ਦਰਜ ਕੀਤਾ ਗਿਆ ਪਰੰਤੂ ਆਮ ਤੌਰ ਤੇ ਸਾਲ ਅੰਦਰ 100 ਦਿਨ ਦਾ ਰੋਜ਼ਗਾਰ ਕਿਤੇ ਵੀ ਹਾਸਲ ਨਹੀਂ ਹੋਇਆ ਅਤੇ ਕੀਤੇ ਕੰਮ ਦੀ ਦਿਹਾੜੀ ਹਰ ਥਾਂ ਘੱਟ ਦਿੱਤੀ ਜਾ ਰਹੀ ਹੈ ਜਿਸ ਦੀ ਜਾਂਚ ਕਰਾਉਣ ਦੀ ਮੰਗ ਕੀਤੀ ਅਤੇ ਪੰਜਾਬ ਅੰਦਰ 5 ਏਕੜ ਤੱਕ ਦੇ ਕਿਸਾਨਾਂ ਦੇ ਜਾਬ ਕਾਰਡ ਵੀ ਨਹੀਂ ਬਣਾਏ ਜਾਂਦੇ। ਮੰਗ ਅਧਾਰਿਤ ਲਿਖਤੀ ਤੌਰ ਤੇ ਕੰਮ ਲੈਣ, ਕੰਮ ਤੇ ਜਾਣ ਤੋਂ ਪਹਿਲਾਂ ਨਿਯੁਕਤੀ ਪੱਤਰ ਲੈਣ, ਕੰਮ ਨਾ ਦੇਣ ਦੀ ਸੂਰਤ ਵਿੱਚ ਬੇਰੋਜਗਾਰੀ ਭੱਤਾ ਹਾਸਲ ਕਰਨ ਅਤੇ ਕੰਮ ਦਾ ਮਿਹਨ-ਤਾਨਾ 15 ਦਿਨਾਂ ਅੰਦਰ ਲੈਣ ਅਤੇ ਦੇਰੀ ਹੋਣ ਤੇ ਸਮੇਤ ਵਿਆਜ ਮਿਹਨਤਾਨਾ ਲੈਣ ਜਿਹੇ ਮੁੱਦਿਆਂ ਤੇ ਸਿਖਿਅਤ ਕਰਨ ਲਈ ਸਰਗਰਮੀ ਕੀਤੀ ਜਾ ਰਹੀ ਹੈ। ਮਨਰੇਗਾ ਨੂੰ ਕਾਨੂੰਨ ਦੀ ਭਾਵਨਾ ਅਨੁਸਾਰ ਚਲਾਉਣ ਲਈ ਗਰਾਮ ਸਭਾ ਦੀ ਮਹੱਤਤਾ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਕਿਉਂਕਿ ਮਨਰੇਗਾ ਦਾ ਬੱਜਟ ਗਰਾਮ ਸਭਾ ਰਾਹੀਂ ਪਾਸ ਕਰਕੇ ਭੇਜਿਆ ਜਾਂਦਾ ਹੈ ਅਤੇ ਪਿੰਡ ਪੱਧਰ ਤੇ ਵਿਕਾਸ ਦੇ ਪ੍ਰੋਜੈਕਟ ਵੀ ਗਰਾਮ ਸਭਾ ਰਾਹੀਂ ਪਾਸ ਕੀਤੇ ਜਾਂਦੇ ਹਨ। ਉਨਾਂ ਕਿਹਾ ਕਿ ਸਾਰੇ ਪਿੰਡਾਂ ਵਿੱਚ ਫਲਦਾਰ ਅਤੇ ਛਾਂਦਾਰ ਬੂਟੇ ਮਨਰੇਗਾ ਰਾਹੀਂ ਲਾਉਣ ਦੇ ਪਰੋਜੈਕਟ ਬਣਾਏ ਜਾਣ ਤਾਂ ਕਿ ਵਾਤਾਵਰਣ ਸੁੱਧ ਹੋ ਸਕੇ।

ਮੀਟਿੰਗ ਅੰਦਰ ਵਿਸ਼ੇਸ਼ ਤੌਰ ਤੇ ਇੰਟਰਨੈਸ਼ਨਲਿਸਟ ਡੈਮੋਕਰੇਟਿਕ ਪਲੇਟਫਾਰਮ(ਆਈ ਡੀ ਪੀ) ਦੇ ਆਗੂਆਂ ਤਰਲੋਚਨ ਸਿੰਘ ਸੂਲਰ ਘਰਾਟ, ਹੰਸ ਰਾਜ ਭਵਾਨੀਗੜ੍ਹ ਅਤੇ ਰਾਜਿੰਦਰ ਕੁਮਾਰ ਪਾਤੜਾਂ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਅਤੇ ਮੰਗ ਕੀਤੀ ਕਿ ਕੇਂਦਰ ਸਰਕਾਰ ਮਨਰੇਗਾ ਬੱਜਟ ਅੰਦਰ ਵਾਧਾ ਕਰੇ, ਮਨਰੇਗਾ ਤਹਿਤ 100 ਦਿਨ ਦੀ ਵਜਾਏ 200 ਦਿਨ ਕੰਮ ਦਿੱਤਾ ਜਾਵੇ ਅਤੇ ਦਿਹਾੜੀ ਦੀ ਰਕਮ ਘੱਟੋ ਘੱਟ ਉਜਰਤ ਕਾਨੂੰਨ ਮੁਤਾਬਕ ਦਿੱਤੀ ਜਾਵੇ । ਹਰ ਪਿੰਡ ਅੰਦਰ 40 ਜਾਬ ਕਾਰਡਾਂ ਪਿੱਛੇ ਇੱਕ ਮੇਟ ਰੱਖਿਆ ਜਾਵੇ ਅਤੇ ਕਾਨੂੰਨ ਅਨੁਸਾਰ ਜੇ ਈ ਅਤੇ ਕੰਪਿਊਟਰ ਉਪਰੇਟਰ ਭਰਤੀ ਕੀਤੇ ਜਾਣ।















# ਚਾਨਣ ਦੀ ਕਿਰਨ



ਦਰਸ਼ਨ ਸਿੰਘ

ਜ਼ਿੰਦਗੀ ਦੁੱਖ-ਸੁੱਖ ਦਾ ਸੁਮੇਲ ਹੈ। ਇੱਕ ਦੂਜੇ ਦੇ ਦੁੱਖ ਵਿੱਚ ਪ੍ਰਗਟਾਈਆਂ ਹਮਦਰਦੀਆਂ ਦੇ ਪਲ ਉਮਰ ਭਰ ਲਈ ਕਈ ਵੱਡੀਆਂ ਸਾਂਝਾਂ ਪੈਦਾ ਕਰ ਦਿੰਦੇ ਹਨ। ਮਨੁੱਖ ਸਮਾਜਕ ਪ੍ਰਾਣੀ ਹੈ ਅਤੇ ਜ਼ਿੰਦਗੀ ਦੀ ਸੁਖਾਵੀਂ ਤੋਰ ਲਈ ਇੱਕ ਦੂਜੇ ਦੇ ਆਸਰਿਆਂ ਅਤੇ ਸਹਾਰਿਆਂ ਦੀ ਲੋੜ ਕਦੀ ਨਾ ਕਦੀ ਪੈਂਦੀ ਹੈ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਭਾਵੇਂ ਮਨੁੱਖੀ ਸੁਭਾਅ ਵਿੱਚ ਕਈ ਬਦਲਾਓ ਆਏ ਹਨ, ਮਨਾਂ ਵਿੱਚ ਇੱਕ ਦੂਜੇ ਲਈ ਦੂਰੀਆਂ, ਫਾਸਲੇ ਤੇ ਡੂੰਘੇ ਹਨੇਰੇ ਹਨ, ਪਰ ਸਾਂਝਾਂ ਤੇ ਹਮਦਰਦੀਆਂ ਦੇ ਚਾਨਣ ਵੀ ਹਨ।ਪਤਾ ਹੀ ਨਹੀਂ ਲੱਗਦਾ, ਕਦੋਂ ਚਾਨਣ ਦੀਆਂ ਇਹ ਲਕੀਰਾਂ ਜ਼ਿੰਦਗੀ ਵਿੱਚ ਦਾਖਲ ਹੋ ਕੇ ਇਸ ਨੂੰ ਸੁਖਾਵੇਂ ਮੋੜ ਦੇ ਦਿੰਦੀਆਂ ਹਨ। ਯਾਦ ਕਰਦਾ ਹਾਂ ਉਹ ਪਲ ਜਦੋਂ ਮੇਰੀ ਪਤਨੀ ਦੀ ਤਬੀਅਤ ਵਿੱਚ ਕੁਝ ਵਿਗਾੜ ਆਉਣ ਲੱਗੇ ਸਨ।

"ਕੀ ਗੱਲ ਆਂਟੀ ਜੀ, ਧੁੱਪੇ ਬੈਠੇ ਓ?" ਗਲੀ ਗੁਆਂਢ ਦੇ ਕਈ ਘਰਾਂ ਵਿੱਚ ਕੰਮ ਕਰਦੀ ਵੀਹ ਕੁ ਸਾਲ ਦੀ ਕੁੜੀ ਨੇ ਮੇਰੀ ਪਤਨੀ ਕੋਲੋਂ ਲੰਘਦਿਆਂ ਕਿਹਾ।

"ਸਿਹਤ ਠੀਕ ਨਹੀਂ।" ਸੰਖੇਪ ਜਿਹਾ ਉੱਤਰ ਮੇਰੀ ਪਤਨੀ ਦਾ ਸੀ। ਵੈਸੇ ਵੀ ਇਹ ਕੁੜੀ ਆਉਂਦੇ ਜਾਂਦੇ ਕੋਈ ਨਾ ਕੋਈ ਗੱਲ ਛੋਹ ਲੈਂਦੀ। ਇਸੇ ਕੁੜੀ ਨੂੰ ਘਰ ਕੰਮ ਕਰਨ ਲਈ ਮੇਰੀ ਪਤਨੀ ਨੇ ਕਈ ਵਾਰ ਕਿਹਾ ਵੀ ਸੀ, ਪਰ ਉਹ ਹਮੇਸ਼ਾ ਆਖਦੀ, "ਕੋਸ਼ਿਸ਼ ਕਰਾਂਗੀ ਆਂਟੀ ਜੀ। ਕੰਮ ਦਾ ਬੋਝ ਪਹਿਲੋਂ ਹੀ ਬਹੁਤ ਹੈ।" ਪਤਾ ਨਹੀਂ ਕਿਹੜੀ ਦਿਆਲਤਾ ਤੇ ਤਰਸ ਨੇ ਉਸ ਦੀਆਂ ਸੋਚਾਂ ਨੂੰ ਮੋੜ ਦਿੱਤਾ, ਇੱਕ ਦਿਨ ਉਸ ਨੇ ਆ ਕੇ ਕਿਹਾ, "ਦੱਸੋ ਆਂਟੀ ਜੀ, ਕੀ ਕੰਮ ਕਰਨਾ ਹੈ?"

ਉਸ ਦਿਨ ਤੋਂ ਉਹ ਘਰ ਵਿੱਚ ਝਾੜੂ ਪੋਚਾ ਕਰਨ ਲੱਗੀ। ਦੋ ਕੁ ਮਹੀਨੇ ਉਸ ਨੇ ਕੰਮ ਕੀਤਾ ਸੀ ਕਿ ਮੇਰੀ ਪਤਨੀ ਗੁਜ਼ਰ ਗਈ। ਮੈਂ ਇਕੱਲਾ ਹੋ ਗਿਆ। ਬੱਚੇ ਦੂਰ ਦੁਰਾਡੇ ਆਪੋ ਆਪਣੀਆਂ ਨੌਕਰੀਆਂ ਉੱਤੇ ਸਨ। ਮੇਰੇ ਕੋਲ ਉਨ੍ਹਾਂ ਦਾ ਰਹਿਣਾ ਸੰਭਵ ਨਹੀਂ ਸੀ। ਜ਼ਖਮ ਹਾਲੀ ਸੱਜਰਾ ਹੋਣ ਕਰ ਕੇ ਰਿਸਦਾ ਵਧੇਰੇ ਸੀ। ਸੋਚਿਆ, ਉਨ੍ਹਾਂ ਕੋਲ ਚਲੇ ਜਾਵਾਂ। ਇਕੱਲ ਦਾ ਸੰਤਾਪ ਕਦੋਂ ਤੱਕ ਹੰਢਾਵਾਂਗਾ? ਕਦੋਂ ਤੱਕ ਖਾਲੀ ਹੋਏ ਘਰ ਦੀਆਂ ਛੱਤਾਂ ਵੱਲ ਦੇਖਦਾ ਰਹਾਂਗਾ? ਮਨ ਇੱਕ ਪਲ ਇਹ ਫੈਸਲਾ ਕਰਦਾ, ਪਰ ਦੂਜੇ ਪਲ ਕੋਈ ਹੋਰ ਸੋਚ ਇੱਥੋਂ ਜਾਣ ਦੇ ਮਨ ਦੇ ਫੈਸਲੇ ਨੂੰ ਮਹੀਨੇ ਦੋ ਮਹੀਨੇ ਲਈ ਟਾਲ ਦਿੰਦੀ। ਕੰਮ ਲਈ ਆਉਂਦੇ ਜਾਂਦੇ ਕੁੜੀ ਨੂੰ ਦੁਪਹਿਰ ਹੋ ਜਾਂਦੀ। ਮੈਨੂੰ ਉਦਾਸ ਬੈਠਾ ਦੇਖ ਕੇ ਆਖਦੀ, "ਰੋਟੀ ਬਣਾ ਦਿਆਂ ਅੰਕਲ?" ਮੇਰੀ ਪਤਨੀ ਦੇ ਗੁਜ਼ਰ ਜਾਣ ਪਿੱਛੋਂ ਇਹ ਹਮਦਰਦੀ ਭਰੇ ਬੋਲ ਇਸ ਕੁੜੀ ਦੇ ਮੂੰਹੋਂ ਹੀ ਮੈਂ ਸੁਣੇ ਸਨ।

ਉਸ ਦੇ ਸੁਭਾਅ ਤੋਂ ਮੈਂ ਚੰਗੀ ਤਰ੍ਹਾਂ ਵਾਕਿਫ ਹੋ ਗਿਆ ਸੀ। ਕਾਫੀ ਹੱਦ ਤੱਕ ਉਹ ਮੈਨੂੰ ਸਮਝ ਚੁੱਕੀ ਸੀ। ਮੀਂਹ ਕਣੀ ਜਾਂ ਬੇਤਹਾਸ਼ਾ ਗਰਮੀ ਹੁੰਦੀ ਤਾਂ ਖੁੱਲ੍ਹੇ ਵਿਹੜੇ ਵਿੱਚ ਕੰਮ ਕਰਨ ਤੋਂ ਮੈਂ ਰੋਕ ਦਿੰਦਾ। "ਕੰਮ ਤਾਂ ਅੰਕਲ ਜੀ ਕਰਨਾ ਹੈ। ਮੀਂਹ ਧੁੱਪ ਦਾ ਕੀ ਐ? ਹੋਰ ਘਰਾਂ ਵਿੱਚ ਵੀ ਕਰਦੀ ਹਾਂ, ਇੱਥੇ ਕਿਉਂ ਨਾ ਕਰੋਂ?" ਚਿਹਰੇ ਉਤੇ ਮੁਸਕਾਨ ਭਰਦਿਆਂ ਉਹ ਝਾੜੂ ਪੋਚਾ ਕਰਦੀ ਰਹਿੰਦੀ। ਵਿਹੜੇ ਵਿੱਚ ਬੈਠਾ ਮੈਂ ਅਖਬਾਰ ਪੜ੍ਹਨ ਲੱਗਦਾ। ਇੱਕ ਦਿਨ ਡੂੰਘੀ ਉਦਾਸੀ ਵਿੱਚ ਮੈਨੂੰ ਅੱਖਾਂ ਭਰੀ ਬੈਠੇ ਨੂੰ ਉਹਨੇ ਦੇਖਿਆ। ਝਾੜੂ ਪੋਚਾ ਵਿੱਚੇ ਛੱਡ ਕੇ ਮੇਰੇ ਕੋਲ ਖੜ੍ਹੋ ਗਈ। "ਅੰਕਲ ਜੀ, ਕਦੋਂ ਤੱਕ ਇਉਂ ਉਦਾਸ ਰਹੋਗੇ? ਜਾਣਦੀ ਹਾਂ ਕਿ ਤੁਰ ਗਏ ਜੀਆਂ ਬਿਨਾਂ ਕੰਧਾਂ ਖਾਣ ਨੂੰ ਆਉਂਦੀਆਂ, ਪਰਜ਼ਿੰਦਗੀ ਨੂੰ ਅੱਗੇ ਤੋਰਨਾ ਹੀ ਪੈਂਦਾ।" ਸਿਰ ਚੁੱਕ ਕੇ ਮੈਂ ਉਸ ਵੱਲ ਦੇਖਿਆ। ਉਸ ਦੇ ਚਿਹਰੇ ਨੂੰ ਪਹਿਲੀ ਵਾਰ ਮੈਂ ਇੰਨਾ ਨੇੜਿਓਂ ਤੱਕਿਆ ਸੀ। "ਪੋਤਾ ਹੈ, ਪੋਤੀ ਹੈ ਤੇ ਪੁੱਤ ਨੇ। ਆਂਟੀ ਦਾ ਰੂਪ ਇਨ੍ਹਾਂ ਵਿੱਚ ਹੀ ਦੇਖੋ...।" ਸਿਆਣੀਆਂ ਤੇ ਗਹਿਰੀਆਂ ਸੋਚਾਂ ਵਿੱਚੋਂ ਆਈ ਉਸ ਦੀ ਇਸ ਗੱਲ ਦੇ ਗਹਿਰੇ ਅਰਥ ਸਨ।

"ਕੀ ਖਾਣਾ, ਬੱਚੇ?" ਕੰਮ ਕਰਦੀ ਨੂੰ ਮੈਂ ਕਦੀ ਕਦੀ ਪੁੱਛਦਾ। ਉਹ ਹਰ ਵਾਰ ਨਾਂਹ ਕਰਦੀ, ਪਰ ਮੈਂ ਫੇਰ ਵੀ ਕੋਈ ਨਾ ਕੋਈ ਫਲ ਉਸ ਨੂੰ ਦੇ ਦਿੰਦਾ। ਇਧਰ ਉਧਰ ਬੇਤਰਤੀਬੀਆਂ ਪਈਆਂ ਮੇਰੀਆਂ ਕਿਤਾਬਾਂ ਅਖਬਾਰਾਂ ਨੂੰ ਉਹ ਥਾਂ ਸਿਰ ਰੱਖਦੀ। ਸਰਦੀ ਦਾ ਮੌਸਮ ਸੀ। ਰਜ਼ਾਈ ਵਿੱਚ ਬੈਠੇ ਨੂੰ ਵੀ ਮੈਨੂੰ ਠੰਢ ਲੱਗ ਰਹੀ ਸੀ। ਪਤਲਾ ਜਿਹਾ ਊਨੀ ਸਵੈਟਰ ਪਾਈ ਉਹ ਆਈ ਤੇ ਆਉਂਦਿਆਂ ਹੀ ਸਾਫ ਸਫਾਈ ਵਿੱਚ ਰੁੱਝ ਗਈ। ਜਾਣ ਲੱਗੀ ਤਾਂ ਇੱਕ ਹਜ਼ਾਰ ਰੁਪਏ ਉਸ ਨੂੰ ਦਿੰਦੇ ਹੋਏ ਕਿਹਾ, "ਨਵੀਂ ਕੋਟੀ ਲੈ ਲਈਂ ਬੱਚੇ। ਠੰਢ ਬੜੀ ਐ।" ਝਿਜਕ ਭਰੀ ਨਾਂਹ ਉਸ ਨੇ ਕੀਤੀ, ਪਰ ਅਖੀਰ ਪੈਸੇ ਫੜ ਕੇ ਕਿਹਾ, "ਜਾ ਰਹੀ ਹਾਂ ਅੰਕਲ।" ਉਸ ਦੀਆਂ ਅੱਖਾਂ ਅੰਦਰ ਆਈ ਚਮਕ ਤੋਂ ਉਸ ਨੂੰ ਮਿਲੀ ਖੁਸ਼ੀ ਦਾ ਅੰਦਾਜ਼ਾ ਸਹਿਜੇ ਹੀ ਹੋ ਗਿਆ ਸੀ।

ਇੱਕ ਦਿਨ ਮੈਂ ਉਸ ਨੂੰ ਕਿਹਾ, "ਸ਼ਾਇਦ ਮੈਂ ਬੱਚਿਆਂ ਕੋਲ ਚਲੇ ਜਾਵਾਂ।" ਉਦਾਸ ਅਤੇ ਖਾਮੋਸ਼ ਜਿਹੀ ਉਹ ਉਥੇ ਦੀ ਉਥੇ ਖੜ੍ਹ ਗਈ। ਕੁਝ ਨਾ ਬੋਲੀ। ਚੁੱਪਚਾਪ ਕੰਮ ਕਰਦੀ ਰਹੀ। ਪੰਦਰਾਂ ਵੀਹ ਮਿੰਟ ਇਸੇ ਚੁੱਪ ਵਿੱਚ ਲੰਘ ਗਏ ਸਨ। ਸੋਚਾਂ ਤੋਂ ਬਾਹਰ ਆਉਂਦੇ ਇਹ ਬੋਲੀ, "ਚਲੇ ਜਾਉ, ਪਰ ਛੇਤੀ ਮੁੜ ਆਇਉ।" ਮਾਵਾਂ-ਧੀਆਂ ਇੱਕ ਦਿਨ ਦੋਵੇਂ ਘਰ ਆਈਆਂ। ਸੂਹਾ ਲਾਲ ਸੂਟ ਮੈਨੂੰ ਦਿਖਾ ਕੇ ਉਸ ਦੀ ਮਾਂ ਨੇ ਕਿਹਾ, "ਸਾਂਭ ਸਾਂਭ ਰੱਖਦੀ ਸੀ ਹਜ਼ਾਰ ਰੁਪਏ, ਜੋ ਤੁਸੀਂ ਦਿੱਤੇ ਸਨ। ਇਨ੍ਹਾਂ ਪੈਸਿਆਂ ਦਾ ਇਹ ਸੂਟ ਅੱਜ ਲਿਆ। ਆਖਦੀ ਸੀ ਆਪਣੇ ਵਿਆਹ ਉੱਤੇ ਪਾਵਾਂਗੀ।"

ਮਾਂ ਦੀਗੱਲ ਸੁਣਦਿਆਂ ਉਸ ਨੇ ਨੀਵੀਂ ਪਾ ਲਈ। ਰਸੋਈ, ਕਮਰੇ, ਵਿਹੜੇ ਅਤੇ ਹੋਰ ਸਾਫ ਸਫਾਈ ਕਰਨ ਪਿੱਛੋਂ ਮੇਰੇ ਕੋਲ ਆਉਂਦਿਆਂ ਉਸ ਨੇ ਪੁੱਛਿਆ, "ਮੇਰੇ ਵਿਆਹ ਉਤੇ ਆਓਗੇ ਅੰਕਲ?" ਉਸ ਦੇ ਬੋਲਾਂ ਵਿੱਚ ਸਵਾਲ ਸੀ ਤੇ ਮੇਰੇ ਵੱਲ ਤੱਕਦੀਆਂ ਭਰੀਆਂ ਅੱਖਾਂ ਵਿੱਚ ਜਵਾਬ ਦੀ ਉਡੀਕ ਵੀ। ਉਸ ਦੇ ਮਨ ਅੰਦਰ ਮੇਰੇ ਪ੍ਰਤੀ ਮੈਨੂੰ ਸੁੱਚੇ ਮੋਹ ਤੇ ਮਹਿਕ ਭਰਿਆ ਚਾਨਣ ਦਿਖਾਈ ਦਿੱਤਾ ਤੇ ਇਸ ਚਾਨਣ ਵਿੱਚ ਕਿਸੇ ਪਵਿੱਤਰ ਰਿਸ਼ਤੇ ਦਾ ਅਕਸ...।

ਬਿਨਾਂ ਦੇਰੀ ਕਰਦਿਆਂ ਆਪਣਾ ਹੱਥ ਉਸ ਦੇ ਸਿਰ ਉੱਤੇ ਧਰਦਿਆਂ ਜਿਵੇਂ ਅਗਾਊਂ ਹੀ ਮੈਂ ਪਿਓ ਜਿਹੀ ਅਸੀਸ ਉਸ ਨੂੰ ਦੇ ਦਿੱਤੀ। ਧੀ ਨੂੰ ਵਿਦਾ ਕਰਨ ਸਮੇਂ ਦੇ ਉਦਾਸੀ ਦੇ ਪ੍ਰਛਾਵੇਂ ਮੇਰੇ ਚਿਹਰੇ ਉੱਤੇ ਵੀ ਆਏ। ਸੋਚਦਾਂ ਸਾਂ ਕਿ ਜ਼ਿੰਦਗੀ ਵਿੱਚ ਕੁਝ ਰਿਸ਼ਤੇ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਦਾ ਕੋਈ ਨਾਂਅ ਨਹੀਂ, ਪਰ ਜ਼ਿੰਦਗੀ ਲਈ ਚਾਨਣ ਦੀ ਕਿਸੇ ਕਿਰਨ ਜਿਹੇ ਹੁੰਦੇ ਹਨ ਜਾਂ ਜੁਗਨੂੰਆਂ ਵਾਂਗ ਜ਼ਿੰਦਗੀ ਦੇ ਹਨੇਰਿਆਂ ਨੂੰ ਚਾਨਣ ਵੰਡਦੇ ਹਨ।

# ਹਵਾ ਵਿੱਚ ਖ਼ਤਰਾ ?

## ਕੋਵਿਡ ਦੇ ਮਾਮਲੇ ਘੱਟ ਹੋ ਸਕਦੇ ਹਨ ਪਰ ਕੀ ਖੰਭਾਂ ਵਿੱਚ ਕੋਈ ਅਗਲੀ ਲਹਿਰ ਹੈ?

ਓਮਿਕਰੋਨ ਵੇਵ ਦੇ ਘਟਣ ਤੋਂ ਬਾਅਦ ਭਾਰਤ ਆਮ ਵਾਂਗ ਵਾਪਸ ਆ ਗਿਆ ਹੈ। ਰੋਜ਼ਾਨਾ ਸਿਰਫ਼ 3,000 ਤੋਂ ਵੱਧ ਨਵੇਂ ਕੇਸ ਦਰਜ ਹੁੰਦੇ ਹਨ। ਮੌਤਾਂ ਦੀ ਗਿਣਤੀ ਵਿੱਚ ਕਮੀ ਆਈ ਹੈ। ਟੀਕਿਆਂ ਦੀਆਂ 1.8 ਬਿਲੀਅਨ ਤੋਂ ਵੱਧ ਖੁਰਾਕਾਂ ਦਿੱਤੀਆਂ ਗਈਆਂ ਹਨ। 12 ਸਾਲ ਤੋਂ ਵੱਧ ਉਮਰ ਦੇ ਬੱਚੇ ਟੀਕੇ ਲਗਵਾ ਰਹੇ ਹਨ। 20 ਮਿਲੀਅਨ ਲੋਕਾਂ ਨੂੰ ਬੂਸਟਰ ਡੋਜ਼ ਮਿਲ ਚੁੱਕੇ ਹਨ। ਆਰਥਿਕਤਾ ਪੂਰੀ ਭਾਫ਼ ਨਾਲ ਚੱਲ ਰਹੀ ਹੈ. ਜ਼ਿਆਦਾਤਰ ਪਾਬੰਦੀਆਂ ਹਟਾ ਲਈਆਂ ਗਈਆਂ ਹਨ ਅਤੇ ਅੰਤਰਰਾਸ਼ਟਰੀ ਹਵਾਈ ਯਾਤਰਾ 27 ਮਾਰਚ ਤੋਂ ਮੁੜ ਸ਼ੁਰੂ ਹੋ ਜਾਵੇਗੀ। ਫਿਰ ਵੀ, ਚਿੰਤਾ ਦਾ ਵਿਸ਼ਾ ਹੈ। ਕੀ ਕੋਵਿਡ-19 ਹੁਣ ਨਹੀਂ ਰਿਹਾ? ਹਲਚਲ ਦੀ ਕਲਪਨਾ ਕਰੋ ਜੇਕਰ ਕੋਈ ਹੋਰ ਲਹਿਰ ਦੇਸ਼ ਨੂੰ ਆਪਣੀ ਲਪੇਟ ਵਿੱਚ ਲੈ ਲਵੇ। ਵਿਗਿਆਨੀ ਇਸ ਗੱਲ ਦੀ ਪੁਸ਼ਟੀ ਨਹੀਂ ਕਰ ਰਹੇ ਹਨ ਕਿ ਅਸੀਂ ਮਹਾਂਮਾਰੀ ਦਾ ਪਿਛਲਾ ਹਿੱਸਾ ਦੇਖਿਆ ਹੈ। ਸਪਾਕ ਇਨ ਦ ਵ੍ਹੀਲ ਬੁੱਧਵਾਰ ਨੂੰ ਦਾ ਬਿਆਨ ਹੈ ਕਿ ਜਨਵਰੀ ਤੋਂ ਬਾਅਦ ਦੇਖੀ ਗਈ ਗਿਰਾਵਟ ਨੂੰ ਉਲਟਾਉਂਦੇ ਹੋਏ, ਕੋਵਿਡ -19 ਸੰਕਰਮਣ ਇੱਕ ਵਾਰ ਫਿਰ ਵੱਧ ਰਹੇ ਹਨ। ਦੁਨੀਆ ਭਰ ਵਿੱਚ ਪਿਛਲੇ ਇੱਕ ਹਫ਼ਤੇ ਵਿੱਚ 43,000 ਤੋਂ ਵੱਧ ਮੌਤਾਂ ਦੇ ਨਾਲ 11 ਮਿਲੀਅਨ ਤੋਂ ਵੱਧ ਨਵੇਂ ਸੰਕਰਮਣ ਦੀ ਰਿਪੋਰਟ ਕੀਤੀ ਗਈ ਹੈ। ਇਹ ਚਿੰਤਾਜਨਕ ਹੈ। ਸਭ ਤੋਂ ਵੱਧ ਵਾਧਾ ਯੂਰਪ ਵਿੱਚ ਦੇਖਿਆ ਗਿਆ ਹੈ. ਓਮਿਕਰੋਨ ਦੇ ਉਪ-ਵਰਗ ਦਾ ਫੈਲਣਾ ਅਤੇ ਸੁਰੱਖਿਆ ਪ੍ਰੋਟੋਕੋਲ ਵਿੱਚ ਢਿੱਲ ਕਾਰਨ ਹਨ। ਨਵੇਂ ਆਫਸ਼ੂਟ ਨੂੰ "ਸਟੀਲਥ ਵੇਰੀਐਂਟ" ਕਿਹਾ ਜਾ ਰਿਹਾ ਹੈ ਕਿਉਂਕਿ ਇਸਦੇ ਜੈਨੇਟਿਕ ਪਰਿਵਰਤਨ ਪੀਸੀਆਰ ਟੈਸਟਾਂ ਲਈ ਇਸਨੂੰ ਡੈਲਟਾ ਵੇਰੀਐਂਟ ਤੋਂ ਵੱਖ ਕਰਨਾ ਮੁਸ਼ਕਲ ਬਣਾ ਰਹੇ ਹਨ। ਡੈਨਮਾਰਕ ਦੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਉਪ-ਵਰਗ ਓਮਿਕਰੋਨ ਨਾਲੋਂ ਬਹੁਤ ਜ਼ਿਆਦਾ ਸੰਚਾਰਿਤ ਹੈ। ਇਹ ਯੂਰਪ ਵਿੱਚ ਅੱਧੇ ਤੋਂ ਵੱਧ ਨਵੇਂ ਕੇਸਾਂ ਲਈ ਜ਼ੁੰਮੇਵਾਰ ਹੈ। ਡਬਲਯੂਐਚਓ ਦਾ ਕਹਿਣਾ ਹੈ ਕਿ ਜਿਹੜੇ ਲੋਕ ਪਹਿਲਾਂ ਹੀ ਓਮਿਕਰੋਨ ਦੁਆਰਾ ਸੰਕਰਮਿਤ ਹਨ, ਉਨ੍ਹਾਂ ਨੂੰ ਉਪ-ਵਰਗ ਤੋਂ ਮੁੜ ਸੰਕਰਮਣ ਦੇ ਵਿਰੁੱਧ ਮਜ਼ਬੂਤ ਸੁਰੱਖਿਆ ਹੈ। ਇਸ ਤੋਂ ਇਲਾਵਾ, ਟੀਕੇ ਅਤੇ ਬੂਸਟਰਾਂ ਦਾ ਧੰਨਵਾਦ, ਹਸਪਤਾਲਾਂ ਵਿੱਚ ਭਰਤੀ ਘੱਟ ਅਤੇ ਮੌਤਾਂ ਘੱਟ ਹਨ।

ਏਸ਼ੀਆ ਵਿੱਚ ਵੀ, ਤਾਜ਼ਾ ਸੰਕਰਮਣ ਦੇ ਮਾਮਲੇ ਵੱਧ ਰਹੇ ਹਨ। ਚੀਨ, ਹਾਂਗਕਾਂਗ, ਨਿਊਜ਼ੀਲੈਂਡ ਅਤੇ ਦੱਖਣੀ ਕੋਰੀਆ ਵਿੱਚ ਸਪੁਰਟਸ ਰਜਿਸਟਰ ਕੀਤੇ ਜਾ ਰਹੇ ਹਨ। ਅਸਵੀਕਾਰਨਯੋਗ ਤੱਥ ਇਹ ਹੈ ਕਿ ਤੇਜ਼ੀ ਨਾਲ ਪ੍ਰਸਾਰਿਤ ਉਪ-ਵਿਭਿੰਨਤਾ ਕਿਸੇ ਤਰ੍ਹਾਂ ਭਾਰਤ ਤੱਕ ਪਹੁੰਚ ਜਾਵੇਗੀ। ਇੱਕ ਵਾਰ ਜਦੋਂ ਅੰਤਰਰਾਸ਼ਟਰੀ ਉਡਾਣ ਸੰਚਾਲਨ ਮੁੜ ਸ਼ੁਰੂ ਹੋ ਜਾਂਦਾ ਹੈ, ਤਾਂ ਇਹ ਦਾਖਲ ਹੋਣਾ ਲਾਜ਼ਮੀ ਹੈ। ਕੁਝ ਖੋਜਕਰਤਾਵਾਂ ਦਾ ਸੁਝਾਅ ਹੈ ਕਿ ਮਹਾਂਮਾਰੀ ਦੀ ਅਗਲੀ ਲਹਿਰ ਭਾਰਤ ਵਿੱਚ ਜੂਨ ਦੇ ਅਖੀਰ ਵਿੱਚ ਸ਼ੁਰੂ ਹੋ ਸਕਦੀ ਹੈ ਅਤੇ ਅੱਧ ਅਗਸਤ ਦੇ ਆਸਪਾਸ ਸਿਖਰ 'ਤੇ ਆ ਸਕਦੀ ਹੈ। ਕੁਝ ਵਿਗਿਆਨੀਆਂ ਨੂੰ ਭਰੋਸਾ ਹੈ ਕਿ ਓਮੀਕਰੋਨ ਵਰਗਾ ਨਵਾਂ ਉਪ-ਵਰਗ ਫੇਫੜਿਆਂ ਨੂੰ ਪ੍ਰਭਾਵਿਤ ਨਹੀਂ ਕਰ ਸਕਦਾ ਹੈ ਅਤੇ ਇਸ ਲਈ ਮੌਤਾਂ ਦੀ ਗਿਣਤੀ ਘੱਟ ਹੋ ਸਕਦੀ ਹੈ। ਪਰ ਇਸ ਗੱਲ ਦੀ ਕੀ ਗਰੰਟੀ ਹੈ ਕਿ ਭਾਰਤ ਵਿੱਚ ਵਰਤਮਾਨ ਵਿੱਚ ਵਰਤੇ ਜਾ ਰਹੇ ਟੀਕੇ ਗੰਭੀਰ ਸੰਕਰਮਣ ਤੋਂ ਬਚਾ ਸਕਦੇ ਹਨ? ਅਤੇ ਕੀ ਜੇ ਵਾਇਰਸ ਪਰਿਵਰਤਨ ਦਾ ਇਹ ਸਮੇਂ-ਸਮੇਂ ਤੇ ਕ੍ਰਮ ਮੌਸਮੀ ਤਰੰਗਾਂ ਵੱਲ ਖੜਦਾ ਹੈ? ਅਤੇ ਉੱਨਤ ਦੇਸ਼ਾਂ ਵਿੱਚ, ਜ਼ਿਆਦਾਤਰ ਨੇ ਤਿੰਨ ਖੁਰਾਕਾਂ ਪ੍ਰਾਪਤ ਕੀਤੀਆਂ ਹਨ, ਜਿਸ ਵਿੱਚ ਵੈਕਸੀਨ ਦੀ ਘੱਟੋ-ਘੱਟ ਇੱਕ ਖੁਰਾਕ ਸ਼ਾਮਲ ਹੈ, ਅਤੇ ਉਹ ਘੱਟੋ-ਘੱਟ ਲਾਗਾਂ ਤੋਂ ਬਚ ਗਏ ਹਨ। ਭਾਰਤ ਨਾਲ ਅਜਿਹਾ ਨਹੀਂ ਹੋਵੇਗਾ। ਇਸਦੇ ਸਿਖਰ 'ਤੇ, ਸਾਡੇ ਵਿੱਚੋਂ ਬਹੁਤਿਆਂ ਨੇ ਮਾਸਕ ਪਹਿਨਣ ਜਾਂ ਸੈਨੀਟਾਈਜ਼ਰ ਦੀ ਵਰਤੋਂ ਛੱਡ ਦਿੱਤੀ ਹੈ। ਜੇਕਰ ਨਵੇਂ ਉਪ-ਵਰਗ ਦਾ ਪ੍ਰਭਾਵ ਭਾਰਤ ਨੂੰ ਮਾਰਨ 'ਤੇ ਗੰਭੀਰ ਨਹੀਂ ਹੈ, ਤਾਂ ਕੀ ਅਸੀਂ ਇਹ ਫੈਸਲਾ ਕਰਦੇ ਹਾਂ ਕਿ ਤਾਲਾਬੰਦੀ ਅਤੇ ਪਾਬੰਦੀਆਂ ਦੀ ਸਮਾਜਕ ਲਾਗਤ ਨਵੀਂ ਲਹਿਰ ਦੇ ਸੰਭਾਵਿਤ ਨੁਕਸਾਨ ਤੋਂ ਕਿਤੇ ਵੱਧ ਹੈ? ਸਾਨੂੰ ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਵੈਕਸੀਨ-ਪ੍ਰੇਰਿਤ ਪ੍ਰਤੀਰੋਧਕ ਸ਼ਕਤੀ ਦੂਜੀ ਖੁਰਾਕ ਤੋਂ ਛੇ ਮਹੀਨਿਆਂ ਬਾਅਦ ਵੱਡੀ ਗਿਣਤੀ ਵਿੱਚ ਘੱਟ ਸਕਦੀ ਹੈ ਅਤੇ ਭਵਿੱਖ ਵਿੱਚ ਗੰਭੀਰ ਲਾਗ ਤੋਂ ਬਚਣ ਲਈ ਉਹਨਾਂ ਨੂੰ ਬੂਸਟਰ ਖੁਰਾਕ ਦੀ ਲੋੜ ਹੁੰਦੀ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

# ਤੂੜੀ ਵਾਲਾ ਕੋਠਾ

ਇਹ ਗੱਲ ਉਸ ਸਮੇਂ ਦੀ ਹੈ, ਜਦੋਂ ਚਾਹ ਪੱਤੀ ਬਾਜ਼ਾਰਾਂ ਵਿੱਚ ਲੱਕੜ ਜਾਂ ਕਹਿ ਲਈਏ ਹਲਕੀ ਪਲਾਈ ਦੀਆਂ ਬਣੀਆਂ ਚੌਰਸ ਪੇਟੀਆਂ ਵਿੱਚ ਆਉਂਦੀ ਸੀ। ਮੇਰੀਆਂ ਵੀ ਕਈ ਯਾਦਾਂ ਜੁੜੀਆਂ ਨੇ ਇਸ ਚਾਹ ਪੱਤੀ ਦੀਆਂ ਬਣੀਆਂ ਚੌਰਸ ਪੇਟੀਆਂ ਨਾਲ, ਜੋ ਕਰੀਬ ਦੋ ਢਾਈ ਫੁੱਟ ਹਲਕੀ ਪਲਾਈ ਦੀ ਚੌਰਸ ਅਕਾਰ ਦੀ ਅਤੇ ਚਾਰੇ ਪਾਸਿਓਂ ਇੱਕ ਲੋਹੇ ਦੀ ਪੱਤਰੀ ਨਾਲ ਮੜ੍ਹੀ ਹੁੰਦੀ ਸੀ। ਇਸ ਵਿੱਚ ਇੱਕ ਵੱਡਾ ਮੋਮੀ ਕਾਗਜ਼ ਹੁੰਦਾ ਸੀ, ਜਿਸ ਵਿੱਚ ਖੁੱਲ੍ਹੀ ਚਾਹ ਪੱਤੀ ਹੁੰਦੀ ਅਤੇ ਉਤਲੇ ਪਾਸੇ ਇੱਕ ਵੱਡੇ ਫੋਆਇਲ ਪੇਪਰ ਨਾਲ ਸੀਲ ਕਰ ਉਪਰ ਫਿਰ ਪਲਾਈ ਲਾਈ ਹੁੰਦੀ ਸੀ।

ਖੈਰ, ਅਸਲ ਗੱਲ ਕਹਾਣੀ ਤਾਂ ਉਨ੍ਹਾਂ ਭਲਿਆਂ ਵੇਲਿਆਂ ਵਿੱਚ ਔਖੇ ਸੌਖੇ ਹੋ ਕੇ ਪਾਏ 'ਤੂੜੀ ਵਾਲੇ ਕੋਠੇ' ਦੀ ਹੈ, ਜਦੋਂ ਲੋਕਾਂ ਕੋਲ ਜ਼ਿੰਦਗੀ ਬਸਰ ਕਰਨ ਲਈ ਸੀਮਤ ਸਾਧਨ, ਸੀਮਤ ਆਮਦਨ ਤੇ ਸੀਮਤ ਜਿਹੇ ਖਰਚੇ ਸਨ। ਕੱਚਾ ਕੋਠਾ ਪਾਉਣਾ ਵੀ ਬੜਾ ਮਿਹਨਤ ਅਤੇ ਸੁਚੱਜ ਦਾ ਕੰਮ ਸੀ। ਇੱਥੇ ਚਾਹ ਪੱਤੀ ਵਾਲੀ ਪੇਟੀ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਸੀ। ਗੱਲ ਕਰਦੇ ਹਾਂ, ਜਦੋਂ ਉਹ ਸਿੱਧੇ-ਪੱਧਰੇ ਅਤੇ ਸਾਦੇ ਵੇਲੇ ਹੁੰਦੇ ਸਨ, ਉਨ੍ਹਾਂ ਭਲਿਆਂ ਵੇਲਿਆਂ ਵਿੱਚ ਘਰ ਪਾਲੇ ਕੱਟੇ, ਵੱਛੇ, ਮੱਝਾਂ, ਗਾਵਾਂ ਨਾਲ ਪਿਆਰ ਹੁੰਦਾ ਸੀ। ਆਪਣੇ ਰਹਿਣ ਲਈ ਬਣਾਈ ਥਾਂ ਨਾਲੋਂ ਮਾਲ-ਡੰਗਰ ਦੇ ਰੱਖ-ਰਖਾਓ ਦਾ ਵਧੇਰੇ ਫਿਕਰ ਹੁੰਦਾ ਅਤੇ ਨਾਲ ਹੀ ਉਨ੍ਹਾਂ ਦੇ ਕੱਖ ਕੰਡੇ ਅਤੇ ਤੂੜੀ ਤੰਦ ਦੀ ਸਾਂਭ-ਸੰਭਾਲ ਦਾ ਵੀ।ਸੀਮਤ ਜਿਹੀ ਆਮਦਨ ਤੇ ਸੀਮਤ ਜਿਹੇ ਖਰਚ ਨਾਲ ਠੀਕ-ਠਾਕ ਜਿਹਾ ਗੁਜ਼ਾਰਾ ਹੋਈ ਜਾਂਦਾ ਸੀ, ਮੁਸ਼ਕਲ ਉਦੋਂ ਹੁੰਦੀ ਜਦੋਂ ਕੋਈ ਵੱਡਾ ਖਰਚਾ ਅਚਾਨਕ ਆ ਘੇਰਦਾ ਤੇ ਘਰ ਦਾ ਲਾਣੇਦਾਰ ਫਿਕਰਾਂ ਨਾਲ ਡੁੱਬ ਜਾਂਦਾ। ਉਹ ਆਪਣੀ ਫਿਕਰ ਦਾ ਜ਼ਿਕਰ ਕਿਸੇ ਕੋਲ ਨਾ ਕਰ ਕੇ ਸਿਰ ਪਈ ਸਮੱਸਿਆ ਦਾ ਹੱਲ ਲੱਭਣ ਵਿੱਚ ਜੁਟ ਜਾਂਦਾ। ਇੱਕ ਪਾਸੇ ਪੈਸੇ-ਟਕੇ ਤੋਂ ਹੱਥ ਤੰਗ ਤੇ ਦੂਜੇ ਪਾਸੇ ਅਚਾਨਕ ਖਸਤਾ ਹਾਲਤ ਹੋਏ ਤੂੜੀ ਵਾਲੇ ਕੋਠੇ ਦਾ ਢਹਿ ਜਾਣਾ ਕਿਸੇ ਅਚਨਚੇਤ ਆਈ ਮੁਸੀਬਤ ਤੋਂ ਘੱਟ ਨਹੀਂ ਸੀ। ਹਾੜ੍ਹੀ ਦਾ ਫਸਲ ਦੀ ਸੰਭਾਲ ਮਗਰੋਂ ਸਭ ਤੋਂ ਪਹਿਲਾ ਕੰਮ ਮਾਲ ਡੰਗਰ ਲਈ ਸਾਰੇ ਸਾਲ ਭਰ ਦੇ ਤੂੜੀ-ਤੰਦ ਦੀ ਸਾਂਭ ਸੰਭਾਲ ਦਾ ਹੁੰਦਾ।

ਜ਼ਿੰਦਗੀ ਮਿੰਨੀ-ਮਿੰਨੀ ਚਾਲੇ ਚੱਲ ਰਹੀ ਸੀ, ਪੰਜ-ਚਾਰ ਮੱਝਾਂ, ਗਾਵਾਂ ਨਾਲ ਦਸ-ਬਾਰਾਂ ਕਿੱਲਿਆਂ ਦੀ ਖੇਤੀ, ਪਰ ਉਨ੍ਹਾਂ ਸਮਿਆਂ ਵਿੱਚ ਪੈਸੇ ਟਕੇ ਦੀ ਅਕਸਰ ਤੰਗੀ ਰਹਿੰਦੀ ਤੇ ਖੇਤੀ ਦੀ ਸੀਮਤ ਜਿਹੀ ਆਮਦਨ ਤੋਂ ਘਰ ਦੇ ਖਰਚ ਚਲਾਉਣੇ ਬੜੇ ਮੁਸ਼ਕਲ ਹੁੰਦੇ ਸਨ। ਹਾੜ੍ਹੀ ਦੀ ਫਸਲ ਆਉਣ ਤੋਂ ਪਹਿਲਾਂ ਤੂੜੀ ਵਾਲੇ ਕੋਠੇ ਦਾ ਢਹਿ ਜਾਣਾ ਸਾਡੇ ਲਈ ਕਿਸੇ ਮਹਿਲ ਦੇ ਢਹਿ ਜਾਣ ਤੋਂ ਘੱਟ ਨਹੀਂ ਸੀ ਅਤੇ ਸਭ ਤੋਂ ਜ਼ਰੂਰੀ ਸੀ ਇਸ ਕੋਠੇ ਦੀ ਮੁੜ ਉਸਾਰੀ। ਇਹ ਇਸ ਲਈ ਵੀ ਜ਼ਰੂਰੀ ਸੀ ਕਿ ਇਸ ਕੋਠੇ ਵਿੱਚ ਇੱਕਾ-ਦੁੱਕਾ ਖੇਤੀ ਦੇ ਸੰਦਾਂ ਤੋਂ ਬਿਨਾਂ ਡੰਗਰ, ਵੱਛਾ ਵੀ ਬੰਨ੍ਹ ਲਿਆ ਜਾਂਦਾ ਅਤੇ ਇਸ ਨੂੰ ਅਸੀਂ ਤੂੜੀ ਵਾਲਾ ਕੋਠਾ ਤਾਂ ਕਹਿੰਦੇ ਹੀ ਸਾਂ ਤੇ ਨਾਲ ਹੀ ਇਸ ਨੂੰ ਡੰਗਰਾਂ ਵਾਲਾ ਅੰਦਰ ਵੀ ਕਹਿ ਲਿਆ ਕਰਦੇ ਸਾਂ।

ਪਿੰਡ ਦੇ ਅੱਧ ਸੁੱਕੇ ਟੋਭੇ ਤੋਂ ਲਿਆਂਦੀ ਮਿੱਟੀ ਨਾਲ ਅਸਾਂ ਤੂੜੀ ਵਾਲੇ ਕੋਠੇ ਦੀਆਂ ਕੰਧਾਂ ਦੀ ਚਿਣਾਈ ਸ਼ੁਰੂ ਕਰ ਦਿੱਤੀ, ਕੰਧਾਂ ਦੀ ਉਸਾਰੀ ਲਈ ਇੱਟ ਪੂਰੀ-ਸੂਰੀ ਸੀ। ਜੋ ਟੋਟਾ, ਦੇਹਲੀ, ਅੱਧੀ ਪੋਣੀ ਇੱਟ ਸੀ ਸਾਰੀ ਕੰਧਾਂ ਦੀ ਚਿਣਾਈ ਵਿੱਚ ਲੱਗਾ, ਕੰਧਾਂ ਤਕਰੀਬਨ ਅੱਠ-ਨੌਂ ਫੁੱਟ ਉੱਚੀਆਂ ਕਰ ਲਈਆਂ। ਜਮੋਏ ਦੀ ਲੱਕੜ ਦੇ ਤਿੰਨ ਸ਼ਤੀਰਾਂ ਨਾਲ ਚਾਰ ਖਣਾਂ ਦਾ ਤੂੜੀ ਵਾਲਾ ਕੋਠਾ ਖੜ੍ਹਾ ਕਰ ਲਿਆ, ਪਰ ਕੋਠੇ ਦੀਆਂ ਕੰਧਾਂ ਉੱਤੇ ਰੱਖੇ ਛੱਤ ਪਾਉਣ ਲਈ ਸ਼ਤੀਰਾਂ ਉੱਤੇ ਪੂਰੇ-ਸੂਰੇ ਬਾਲਿਆਂ ਤੋਂ ਇਲਾਵਾ ਹੋਰ ਕੁਝ ਨਹੀਂ ਸੀ। ਉਂਝ ਕੋਠੇ ਦੀਆਂ ਕੰਧਾਂ ਉੱਤੇ ਸ਼ਤੀਰ, ਸ਼ਤੀਰਾਂ ਉੱਤੇ ਬਾਲੇ ਅਤੇ ਬਾਲਿਆਂ ਉੱਤੇ ਇੱਟ-ਟਾਈਲ ਹੀ ਪੈਣੀ ਚਾਹੀਦੀ ਸੀ, ਪਰ ਤੰਗਦਸਤੀ ਕਾਰਨ ਕਿਤੋਂ ਵੀ ਨਵੀਂ-ਪੁਰਾਣੀ ਇੱਟ-ਟਾਇਲ ਲਿਆਉਣ ਦੀ ਹਿੰਮਤ ਨਹੀਂ ਪਈ।

ਇਸ ਤਰ੍ਹਾਂ ਕਿਵੇਂ ਵੀ ਇੱਟ-ਟਾਈਲ ਦਾ ਪ੍ਰਬੰਧ ਨਹੀਂ ਸੀ ਹੋ ਰਿਹਾ। ਅਚਾਨਕ ਖੱਦਰ ਦੇ ਗਲਾਸ ਵਿੱਚ ਚਾਹ ਪੀਂਦੇ ਸਾਡੇ ਲਾਣੇਦਾਰ ਦੇ ਦਿਮਾਗ ਵਿੱਚ ਸਕੀਮ ਆਈ ਕਿ ਕਿਉਂ ਨਾ ਬਾਲਿਆਂ ਦੀ ਛੱਤ ਉੱਤੇ ਚਾਹ ਪੱਤੀ ਦੀਆਂ ਪੇਟੀਆਂ ਦੀ ਪਲਾਈ ਪਾ ਦਿੱਤੀ ਜਾਵੇ। ਬੱਸ, ਦਿਨ ਚੜ੍ਹਦੇ ਹੀ ਅਸੀਂ ਲਾਣੇਦਾਰ ਨਾਲ ਸ਼ਹਿਰ ਨੂੰ ਹੋ ਤੁਰੇ ਅਤੇ ਪੰਜ-ਸੱਤ ਪਰਚੂਨ ਦੀਆਂ ਹੱਟੀਆਂ ਤੋਂਅੱਠ-ਦਸ ਚਾਹ ਪੱਤੀ ਦੀਆਂ ਖਾਲੀ ਪੇਟੀਆਂ ਦਾ ਪ੍ਰਬੰਧ ਕਰ ਕੇ ਸ਼ਾਮ ਤੱਕ ਘਰ ਪਰਤ ਆਏ। ਪੱਤੀ ਦੀਆਂ ਖਾਲੀ ਪੇਟੀਆਂ ਖੋਲ੍ਹ ਕੇ ਉਨ੍ਹਾਂ ਦੀ ਕੱਚੀ ਪੱਕੀ ਪਲਾਈ ਰੱਖ ਦਿੱਤੀ ਤੇ ਨਾਲ ਉਨ੍ਹਾਂ ਚਾਹ ਪੱਤੀ ਦੀਆਂ ਖਾਲੀ ਪੇਟੀਆਂ ਵਿੱਚੋਂ ਨਿਕਲਿਆ ਮੋਮੀ ਕਾਗਜ ਉੱਤੇ ਵਿਛਾ ਦਿੱਤਾ। ਕੋਠੇ ਦਾ ਸਾਡਾ ਫਿਕਰ ਮੁੱਕਣ ਕੰਢੇ ਸੀ। ਬਾਲਿਆਂ ਉੱਤੇ ਰੱਖੀ ਚਾਹ ਪੱਤੀ ਦੀਆਂ ਪੇਟੀਆਂ ਦੀ ਪਲਾਈ ਅਤੇ ਮੋਮੀ ਕਾਗਜ਼ ਤੋਂ ਬਾਅਦ ਟੋਭੇ ਤੋਂ ਲਿਆਂਦੀ ਮਿੱਟੀ ਵਿੱਚ ਤੂੜੀ ਰਲਾ ਕੇ ਹੌਲੀ-ਹੌਲੀ ਬਾਲਿਆਂ, ਸ਼ਤੀਰਾਂ ਉੱਤੇ ਪੈਰ ਟਿਕਾ ਮਿੱਟੀ ਪਾਉਣ ਮਗਰੋਂ ਉਪਰ ਮਿੱਟੀ ਤੂੜੀ ਰਲਾ ਪੋਚਾ ਲਾ ਦਿੱਤਾ ਤੇ ਸਾਡਾ ਤੂੜੀ ਵਾਲਾ ਕੋਠਾ ਤਿਆਰ ਹੋ ਗਿਆ।

ਫਿਰ ਅਸਾਂ ਉਹ ਇੱਕ ਦਰਵਾਜ਼ੇ ਉੱਤੇ ਇੱਕ ਛੋਟੀ ਜਿਹੀ ਖਿੜਕੀ ਵਾਲਾ ਕੋਠਾ ਤੂੜੀ ਨਾਲ ਭਰ ਦਿੱਤਾ। ਮੈਨੂੰਯਾਦ ਹੈ ਕਿ ਉਹ ਤੂੜੀ ਵਾਲਾ ਕੋਠਾ ਆਪਣੀ ਜਗ੍ਹਾ ਬਾਰ੍ਹਾਂ-ਤੇਰ੍ਹਾਂ ਸਾਲ ਜਿਉਂ ਦਾ ਤਿਉਂ ਖੜ੍ਹਾ ਰਿਹਾ, ਨਾ ਢਹਿਆ ਤੇ ਨਾ ਹੀ ਮੀਂਹ-ਕਣੀ ਵਿੱਚ ਕਦੀ ਚੋਇਆ। ਹਾਂ, ਇੱਕ ਸਖਤ ਹਦਾਇਤ ਸੀ ਸਭ ਨੂੰ ਕਿ ਤੂੜੀ ਵਾਲੇ ਕੋਠੇ ਉੱਤੇ ਕਿਸੇ ਚੜ੍ਹਨਾ ਨਹੀਂ।

*-ਹਰਮਨਪ੍ਰੀਤ ਸਿੰਘ*

# ਕੀ ਭਾਰਤ ਦੇ ਐਟਮੀ ਸਿਧਾਂਤ ਵਿੱਚ ਤਬਦੀਲੀ ਦੀ ਲੋੜ ਹੈ

ਬ੍ਰਿਗੇ. ਕੁਲਦੀਪ ਸਿੰਘ ਕਾਹਲੋਂ

ਇੱਕ ਬਰਤਾਨਵੀ ਫਿਲਾਸਫਰ ਬਰਟਰੈਂਡ ਰਸਲ ਨੇ 1960 ਦੇ ਦਹਾਕੇ ਵਿੱਚ ਅੰਦਾਜ਼ੇ ਲਾਉਂਦਿਆਂ ਕਿਹਾ ਸੀ ਕਿ ਜੇ ਐਟਮੀ ਤਾਕਤ ਵਾਲੇ ਦੇਸ਼ ਆਪਣੇ ਸ਼ਸਤਰਾਂ ਨੂੰ ਘੱਟ ਕਰਨ ਲਈ ਕਰੜਾ ਰੁਖ ਨਹੀਂ ਆਪਣਾਉਂਦੇ ਤਾਂ ਆਉਣ ਵਾਲੇ 10 ਸਾਲਾਂ ਵਿੱਚ ਐਟਮੀ ਯੁੱਧ ਹੋਵੇਗਾ, ਪਰ ਵਿਗਿਆਨੀ ਰਸਲ ਅਤੇ ਇੱਕ ਹੋਰ ਬ੍ਰਿਟਿਸ਼ ਨਾਵਲਕਾਰ ਸੀ ਪੀ ਸਨੋਅ ਦੀ ਭਵਿੱਖਬਾਣੀ ਅਤੇ ਵਿਚਾਰਧਾਰਾ ਦੇ ਉਲਟ ਪੰਜ ਦਹਾਕੇ ਬਾਅਦ ਵੀ ਐਸਾ ਨਹੀਂ ਹੋਇਆ। ਜਦੋਂ ਰੂਸ-ਯੁਕਰੇਨ ਦੀ ਜੰਗ ਗੰਭੀਰ ਰੁਖ ਧਾਰਨ ਕਰਦੀ ਜਾ ਰਹੀ ਹੈ ਤੇ ਐਟਮੀ ਹਥਿਆਰ ਵਰਤਣ ਵਰਗੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਫਿਰ ਇਸ ਦਾ ਅਰਥ ਕੀ ਹੋਇਆ?ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡੇਨ ਨੇ ਰੂਸ ਦੇ ਖ਼ਿਲਾਫ਼ ਨਵੀਆਂ ਪਾਬੰਦੀਆਂ ਦਾ ਐਲਾਨ ਕਰਦਿਆਂ ਕਿਹਾ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਅੰਤਰਰਾਸ਼ਟਰੀ ਸ਼ਾਂਤੀ ਲਈ ਵੱਡਾ ਖਤਰਾ ਹਨ ਤੇ ਜੇ ਰੂਸ-ਅਮਰੀਕਾ ਵਿਚਾਲੇ ਲੜਾਈ ਹੋਈ ਤਾਂ ਇਹ ਵਰਲਡ ਵਾਰ-3 ਹੋਵੇਗੀ? ਰੱਬ ਨਾ ਕਰੇ ਕਿ ਰੂਸ-ਯੂਕ੍ਰੇਨ ਦੇ ਯੁੱਧ ਦੌਰਾਨ ਜਾਂ ਕਿਸੇ ਵੀ ਕੋਨੇ ਵਿੱਚਐਟਮੀ ਸ਼ਕਤੀ ਦੀ ਗਲਤ ਵਰਤੋਂ ਕਿਸੇ ਵੀ ਮੁੱਦੇ ਬਾਰੇ ਕਿਸੇ ਦੇਸ਼ ਜਾਂ ਸੰਗਠਨਾਂ ਵੱਲੋਂ ਕੀਤੀ ਗਈ ਤਾਂ ਮਨੁੱਖਤਾ ਦਾ ਵਿਨਾਸ਼ ਹੋ ਸਕਦਾ ਹੈ। ਇਸ ਪ੍ਰਸੰਗ ਵਿੱਚ ਕੀ ਭਾਰਤ ਵਾਸਤੇ ਐਟਮੀ ਹਥਿਆਰਾਂ ਦੀ ਵਰਤੋਂ ਸੰਬੰਧੀ ਸੰਨ 1998 ਵਿੱਚ ਤਹਿ ਕੀਤੀ ਰਣਨੀਤੀ ਵਿੱਚ ਕੋਈ ਪਰਿਵਰਤਨ ਦੀ ਲੋੜ ਹੈ?

ਜਦੋਂ ਸੰਨ 1998 ਵਿੱਚ ਪੋਖਰਨ ਟੈਸਟ-2 ਕਰਨ ਪਿੱਛੋਂ ਭਾਰਤ ਇੱਕ ਐਟਮੀਤਾਕਤ ਵਾਲੇ ਦੇਸ਼ ਵਜੋਂ ਉੱਭਰ ਕੇ ਸਾਹਮਣੇ ਆਇਆ ਤਾਂ ਪੂਰੇ ਵਿਸ਼ਵ ਵਿੱਚ ਹਲਚਲ ਮੱਚ ਗਈ। ਓਦੋਂ ਵਾਜਪਾਈ ਸਰਕਾਰ ਦੇ ਦਲੇਰੀ, ਹਿੰਮਤ ਅਤੇ ਦੂਰਅੰਦੇਸ਼ੀ ਵਾਲੇ ਫੈਸਲੇ ਪਿੱਛੋਂ ਕਈ ਪ੍ਰਗਤੀਸ਼ੀਲ/ਪ੍ਰਭਾਵਸ਼ਾਲੀ ਦੇਸ਼ਾਂ ਨੇ ਭਾਰਤ ਉਪਰ ਆਰਥਿਕ ਸਹਾਇਤਾ ਉੱਤੇ ਜਾਂ ਸਹਿਯੋਗ ਨਾ ਦੇਣ ਦੀਆਂ ਰੋਕਾਂ ਲਾਈਆਂ ਅਤੇ ਦੇਸ਼ ਨੂੰ ਆਰਜ਼ੀ ਤੌਰ ਉੱਤੇ ਕਈ ਔਕੜਾਂ ਜਾ ਸਾਹਮਣਾ ਕਰਨਾ ਪਿਆ ਸੀ। ਇਸ ਦਾ ਲਾਭ ਓਦੋਂ ਹੋਇਆ ਜਦੋਂ ਡਾ. ਮਨਮੋਹਨ ਸਿੰਘ ਸਰਕਾਰ ਨੂੰ ਅਮਰੀਕਾ ਤੇ ਬਾਕੀ ਏਜੰਸੀਆਂ/ਸੰਸਥਾਵਾਂ ਨਾਲ ਗੈਰ-ਫੌਜੀ ਐਟਮੀਸਮਝੌਤਾ ਕਰਦੇ ਸਮੇਂ ਭਾਰਤ ਨੂੰ ਐਟਮੀ ਸ਼ਕਤੀ ਵਾਲੇ ਦੇਸ਼ ਵਜੋਂ ਮਾਨਤਾ ਮਿਲੀ। ਉਸ ਸਮੇਂ ਦੀ ਐਨ ਡੀ ਏ ਗੱਠਜੋੜ ਦੀ ਸਰਕਾਰ ਨੇ ਐਟਮੀ ਤਜਰਬੇ ਉਪਰ ਆਪਣੇ-ਆਪ ਰੋਕਾਂ ਦੇ ਨਾਲ ਐਟਮੀ ਹਥਿਆਰਾਂ ਦੀ ਵਰਤੋਂ ਕਰਨ ਵਾਸਤੇ ਪਹਿਲ ਨਾ ਕਰਨ ਭਾਵ 'ਨੋ ਫਰੂਟ ਜੂਸ' (ਐਨ ਐਫ ਯੂ) ਕਰਨ ਬਾਰੇ ਵੀ ਫੈਸਲਾ ਲਿਆ ਸੀ।



ਸਵਾਲ ਪੈਦਾ ਹੁੰਦਾ ਹੈ ਕਿ ਵਿਸ਼ਵ ਵਿੱਚ ਵਿਸ਼ੇਸ਼ ਤੌਰ ਉੱਤੇ ਭਾਰਤੀ ਉਪ-ਮਹਾਦੀਪ ਵਿੱਚ ਤੇਜ਼ੀ ਨਾਲ ਬਦਲਦੇ ਹਾਲਾਤ ਕਾਰਨ ਕੀ ਭਾਰਤ ਦੀ ਐਟਮੀ ਹਥਿਆਰਾਂ ਸੰਬੰਧੀ ਨੀਤੀ ਵਿੱਚ ਬਦਲਾਅ ਦੀ ਲੋੜ ਹੈ? ਲੋੜ ਇਸ ਗੱਲ ਦੀ ਵੀ ਹੈ ਕਿ ਅਗਲੇ ਸਮੇਂ ਵਿੱਚ ਸੰਭਾਵਿਤ ਯੁੱਧ ਬਾਰੇ ਸੋਚਦੇ ਸਮੇਂ ਪਾਕਿਸਤਾਨ ਨੂੰ ਗੁਆਂਢੀ ਦੇਸ਼ਾਂ ਤੋਂ ਨਿਖੇੜ ਕੇ ਕਿਆਫੇ ਨਹੀਂ ਲਾਉਣੇ ਚਾਹੀਦੇ।ਵਿਚਾਰਨ ਵਾਲੀ ਗੱਲ ਇਹ ਵੀ ਹੈ ਕਿ ਭਾਰਤ-ਚੀਨ ਦੇਵਿਚਾਲੇਐਟਮੀ ਸਥਿਰਤਾ ਦੇ ਸੰਕੇਤ ਹਨ? ਵਿਸ਼ੇਸ ਤੌਰ ਉੱਤੇ ਜਦੋਂ ਭਾਰਤ-ਚੀਨ ਸਰਹੱਦ ਉੱਤੇ ਤਣਾਅ ਵਾਲੀ ਸਥਿਤੀ ਹੈ ਅਤੇ ਚੀਨ ਨੇ ਆਪਣੇ ਰੱਖਿਆ ਬਜਟ ਨੂੰ 7.1 ਫੀਸਦੀ ਵਧਾਉਣ ਦਾ ਐਲਾਨ ਕੀਤਾ ਹੈ ਅਤੇ ਸਾਲ 2022-23 ਦਾ 17.57 ਲੱਖ ਕਰੋੜ ਦਾ ਅਨੁਮਾਨ ਹੈ, ਜਦੋਂ ਕਿ ਭਾਰਤ ਦਾ ਰੱਖਿਆ ਬਜਟ ਕੇਵਲ 5.25 ਲੱਖ ਕਰੋੜ ਹੈ।ਇਹ ਵੀ ਸਪੱਸ਼ਟ ਹੋ ਚੁੱਕਾ ਹੈ ਕਿ ਮਿਆਂਮਾਰ ਤੇਜ਼ੀ ਨਾਲ ਐਟਮੀ ਬੰਬ ਬਣਾਉਣਰੁੱਝਾ ਹੋਇਆ ਹੈ। ਇਹ ਵੀ ਹਕੀਕਤ ਹੈ ਕਿ ਜਦੋਂ ਪਾਕਿਸਤਾਨ ਦੇ ਵਿਗਿਆਨੀ 'ਏ ਕਿਊ ਖਾਨ' ਨੂੰ ਕੈਦ ਕੀਤਾ ਗਿਆ ਤਾਂ ਉਸ ਦੇ ਦੋ ਹੋਰ ਸਾਥੀਆਂ ਨੇ ਮਿਆਂਮਾਰ ਵਿੱਚ ਪਨਾਹ ਲੈ ਲਈ ਸੀ ਤੇ ਉਹ ਅੱਜ ਮਿਆਂਮਾਰ ਨੂੰ ਐਟਮੀ ਸ਼ਕਤੀ ਵਜੋਂ ਉਭਾਰਨ ਵਾਸਤੇ ਸਹਾਈ ਹੋ ਰਹੇ ਹਨ। ਇਹ ਵੀ ਸਿੱਧ ਹੋ ਗਿਆ ਹੈ ਕਿ ਚੀਨ, ਉਤਰੀ ਕੋਰੀਆ ਤੇ ਪਾਕਿਸਤਾਨ ਮਿਆਂਮਾਰ ਨੂੰ ਐਟਮੀ ਸ਼ਕਤੀ ਵਜੋਂ ਉਭਾਰਨ ਵਾਸਤੇ ਤਕਨਾਲੋਜੀ, ਐਟਮੀ ਬਾਲਣ ਤੇ ਹੋਰ ਹਰ ਕਿਸਮ ਦੀ ਮਦਦ ਦੇਣ ਵਿੱਚ ਸਹਾਈ ਹੋ ਰਹੇ ਹਨ। ਭਾਰਤੀ ਸਰਹੱਦ ਤੋਂ ਕਰੀਬ 850 ਕਿਲੋਮੀਟਰ ਦੂਰੀ ਉੱਤੇ ਮਿਆਂਮਾਰ ਅੰਦਰ 'ਕਛੂਆ ਦਾ ਕਵਚ' (ਕੋਡ ਵਰਡ) ਦੇ ਨਾਂ ਅਧੀਨ 800 ਸੁਰੰਗਾਂ ਵੀ ਪੁੱਟੀਆਂ ਜਾ ਰਹੀਆਂ ਹਨ। ਭਾਰਤ ਦੇ ਮਿਆਂਮਾਰ ਦੀ ਫ਼ੌਜ ਅਤੇ ਜਨਤਾ ਨਾਲ ਸੰਬੰਧ ਤਾਂ ਸੁਖਾਵੇਂ ਹਨ, ਪਰ ਕੀ ਸਾਡੀ ਸਰਕਾਰ ਮਿਆਂਮਾਰ ਉੱਤੇਐਟਮੀ ਹਥਿਆਰ ਤਿਆਰ ਕਰਨ ਉੱਤੇ ਕੋਈ ਰੋਕ ਲੱਾ ਸਕਦੀ ਹੈ?

ਇਸ ਵਿੱਚ ਸ਼ੱਕ ਨਹੀਂ ਕਿ ਪਾਕਿਸਤਾਨ ਸੁਭਾਵਕ ਤੌਰ ਉੱਤੇ ਅਜਿਹਾ ਦੇਸ਼ ਹੈ ਜਿਸ ਬਾਰੇ ਪੱਕੀ ਤਰ੍ਹਾਂ ਕੁਝ ਨਹੀਂ ਕਿਹਾ ਜਾ ਸਕਦਾ। ਐਟਮੀ ਹਥਿਆਰਾਂ ਦੀ ਦੌੜ ਵਿੱਚਇਹ ਦੇਸ਼ ਵੱਧ ਖਤਰਨਾਕ ਸਿੱਧ ਹੋ ਸਕਦਾ ਹੈ। ਜੇ ਪਾਕਿਸਤਾਨ ਦੇ ਹਾਕਮ ਗਿੱਦੜ-ਭਬਕੀਆਂ ਮਾਰਦੇ ਹੋਣ ਤਾਂ ਕੀ ਹੋ ਸਕਦਾ ਹੈ? ਜੇਹਾਦੀ ਅਵਾਮ ਲੋੜ ਪੈਣ ਉੱਤੇ ਪਾਕਿਸਤਾਨ ਸਰਕਾਰ ਨੂੰ ਐਟਮੀ ਹਥਿਆਰਾਂ ਦੀ ਵਰਤੋਂ ਕਰਨ ਵਾਸਤੇ ਮਜ਼ਬੂਰ ਕਰ ਦੇਵੇ ਜਾਂ ਅੱਤਵਾਦੀ ਜਥੇਬੰਦੀਆਂ 9/11 ਤੇ 26/11 ਦੀ ਤਰ੍ਹਾਂ ਖੁਦ ਕੋਈ ਅਨੋਖੀ ਕਾਰਵਾਈ ਸ਼ੁਰੂ ਕਰਨ, ਜਿਸ ਨਾਲ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਠੇਸ ਪਹੁੰਚੇ। ਉਂਝ ਤਾਂ ਐਟਮੀ ਬੰਬਾਂ ਦੀ ਵਰਤੋਂ ਦੇ ਅਧਿਕਾਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਕੋਲ ਹਨ, ਪਰ ਐਟਮੀ ਸ਼ਸਤਰਘਰਾਂ ਦੀ ਅਸਲੀ ਚਾਬੀ ਤਾਂ ਉਥੋਂ ਦੀ ਫੌਜ ਕੋਲ ਹੀ ਹੈ।

ਕੋਈ ਵੀ ਐਟਮੀ ਸਮਰੱਥਾ ਵਾਲੀ ਮਹਾਂਸ਼ਕਤੀ ਐਟਮੀ ਹਥਿਆਰਾਂ ਤੇ ਕੈਮੀਕਲ ਵਸੀਲਿਆਂ ਦਾ ਵਰਤੋਂ ਕਰਨ ਦੀ ਅਵਸਥਾ ਵਿੱਚ ਪਹਿਲ ਕਰਨ ਦੀ ਪ੍ਰਤਿੱਗਿਆ ਤਦੇ ਕਰਦੀ ਹੈ ਜਦੋਂ ਉਸ ਦੀ ਆਰਥਿਕ ਸਥਿਤੀ ਮਜ਼ਬੂਤ ਹੋਵੇ ਤੇ ਉਸ ਨੂੰ ਅਹਿਸਾਸ ਹੋਵੇ ਕਿ ਉਸ ਕੋਲ ਰਵਾਇਤੀ ਸ਼ਕਤੀ ਇੰਨੀ ਹੈ ਕਿ ਉਸ ਨੂੰ ਲੜਾਈ ਮੌਕੇਐਟਮੀ ਹਥਿਆਰਾਂ ਦੀ ਵਰਤੋਂ ਨਹੀਂ ਕਰਨੀ ਪਵੇਗੀ। ਕੀ ਭਾਰਤ ਦੀ ਰਿਵਾਇਤੀ ਬੇਹਤਰੀ ਇੰਨੀ ਹੈ ਕਿ ਅਸੀਂ ਚੀਨ ਦੀਆਂ ਰਵਾਇਤੀ ਤਾਕਤਾਂ ਨੂੰ ਠੱਲ੍ਹ ਪਾ ਸਕੀਏ ਤੇ ਪਾਕਿਸਤਾਨ ਨੂੰ ਡਰਾ ਕੇ ਸਬਕ ਸਿਖਾਉਣ ਦੀ ਸਾਡੇ ਕੋਲ ਤਾਕਤ ਹੋਵੇ?

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪੋਖਰਾਨ ਵਿਖੇ 16 ਅਗਸਤ 2019 ਨੂੰ ਕਿਹਾ ਸੀ ਕਿ "ਭਾਰਤ ਨੇ ਅਜੇ ਤੱਕ ਐਟਮੀ ਹਥਿਆਰਾਂ ਦੀ ਪ੍ਰਯੋਗ ਦੀ ਪਹਿਲ ਨਾ ਕਰਨ ਵਾਲੀ ਨੀਤੀ ਰੱਖੀ ਹੈ ਪਰ ਅੱਗੋਂ ਹਾਲਤ ਉੱਤੇ ਨਿਰਭਰ ਕਰੇਗਾ।" ਇਸ ਸਮੇਂ ਭਾਰਤ ਦੇ ਗੁਆਂਢੀ ਦੇਸ਼ਾਂ ਵੱਲੋਂ ਆਪਣੀ ਰਵਾਇਤੀ ਅਤੇ ਐਟਮੀ ਸ਼ਕਤੀ ਨੂੰ ਠੇਸ ਬਣਾਉਣ ਲਈ ਹਰ ਸੰਭਵ ਹੀਲੇ-ਵਸੀਲੇ ਵਰਤੇ ਜਾ ਰਹੇ ਹਨ। ਸਮੇਂ ਦੀ ਲੋੜ ਹੈ ਕਿ 'ਐਟਮੀ 'ਸਵੈ-ਰੱਖਿਅਕ' ਵਾਲੇ ਸਿਧਾਂਤ ਨੂੰ ਮੁੱਖ ਰੱਖਦਿਆਂ, ਰੱਖਿਅਕ ਹਥਿਆਰਾਂ ਦੇ ਨਵ-ਨਿਰਮਾਣ ਐਟਮੀ ਠਿਕਾਣਿਆਂ ਦੀ ਦੇਖ-ਰੇਖ ਅਤੇ ਲੋੜ ਪੈਣ ਉੱਤੇਐਟਮੀ ਸ਼ਕਤੀ ਦਾ ਇਸਤੇਮਾਲ ਕਰਨ ਸੰਬੰਧੀ ਇੱਕ ਵਿਸ਼ਾਲ, ਦਲੇਰਾਨਾ ਅਤੇ ਦ੍ਰਿੜਤਾ ਭਰੀ ਉਸਾਰੂ ਰਣਨੀਤੀ ਤਿਆਰ ਕਰਨ ਖਾਤਰ ਐਨ ਐਫ ਯੂ ਉੱਤੇ ਮੁੜ ਤੋਂ ਵਿਚਾਰ ਕੀਤੀ ਜਾਵੇ। ਇਸ ਵਿੱਚ ਸਮੁੱਚੇ ਦੇਸ਼ ਦੀ ਭਲਾਈ ਹੋਵੇਗੀ।

# ਬਿਹਾਰ ਵਿਚ ਹਿਰਾਸਤੀ ਦੀ ਮੌਤ ਤੋਂ ਬਾਅਦ ਭੀੜ ਨੇ ਪੁਲਿਸ ਸਟੇਸ਼ਨ ’ਤੇ ਕੀਤਾ ਹਮਲਾ, 7 ਪੁਲਿਸ ਮੁਲਾਜ਼ਮ ਗੰਭੀਰ ਜ਼ਖ਼ਮੀ



ਕਟਿਹਾਰ, 18 ਸਤੰਬਰ (ਪੋਸਟ ਬਿਊਰੋ)- ਬਿਹਾਰ ਦੇ ਕਟਿਹਾਰ ਜ਼ਿਲੇ 'ਚ ਹਿਰਾਸਤ 'ਚ ਇਕ ਵਿਅਕਤੀ ਦੀ ਕਥਿਤ ਤੌਰ 'ਤੇ ਮੌਤ ਹੋਣ ਤੋਂ ਕੁਝ ਘੰਟੇ ਬਾਅਦ ਹੀ ਪਿੰਡ ਵਾਸੀਆਂ ਦੇ ਇਕ ਸਮੂਹ ਨੇ ਇਕ ਪੁਲਸ ਸਟੇਸ਼ਨ 'ਤੇ ਹਮਲਾ ਕਰ ਦਿੱਤਾ, ਜਿਸ ਵਿਚ ਦੋ ਐੱਸਐੱਚਓ ਸਮੇਤ ਸੱਤ ਪੁਲਸ ਕਰਮਚਾਰੀ ਗੰਭੀਰ ਰੂਪ ਨਾਲ ਜ਼ਖਮੀ ਹੋ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ 40 ਸਾਲਾ ਪ੍ਰਮੋਦ ਕੁਮਾਰ ਸਿੰਘ ਦੀ ਤਾਲਾਬੰਦੀ 'ਚ ਮ੍ਰਿਤਕ ਪਾਏ ਜਾਣ ਤੋਂ ਬਾਅਦ ਸੈਂਕੜੇ ਪਿੰਡ ਵਾਸੀਆਂ ਨੇ ਥਾਣਾ ਪ੍ਰਾਣਪੁਰ 'ਚ ਹੰਗਾਮਾ ਕੀਤਾ ਅਤੇ ਚੌਕੀ 'ਚ ਖੜ੍ਹੇ ਵਾਹਨਾਂ ਨੂੰ ਨੁਕਸਾਨ ਪਹੁੰਚਾਇਆ। ਸਿੰਘ ਨੂੰ ਸ਼ੁੱਕਰਵਾਰ ਨੂੰ ਸ਼ਰਾਬ ਦੀਆਂ ਬੋਤਲਾਂ ਮਿਲਣ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ।

ਅਧਿਕਾਰੀ ਨੇ ਦੱਸਿਆ ਕਿ ਦੋ ਜ਼ਖ਼ਮੀ ਐਸਐਚਓਜ਼ ਵਿੱਚ ਪ੍ਰਾਣਪੁਰ ਥਾਣੇ ਦੇ ਮਨੀਤੋਸ਼ ਕੁਮਾਰ ਅਤੇ ਡੰਡਕੋਹਰਾ ਥਾਣੇ ਦੇ ਸ਼ੈਲੇਸ਼ ਕੁਮਾਰ ਸ਼ਾਮਲ ਹਨ। ਕਾਰਜਕਾਰੀ ਪੁਲਿਸ ਸੁਪਰਡੈਂਟ (ਐਸਪੀ) ਦਯਾ ਸ਼ੰਕਰ ਨੇ ਕਿਹਾ, "ਸਾਰੇ ਜ਼ਖ਼ਮੀ ਪੁਲਿਸ ਕਰਮਚਾਰੀਆਂ ਨੂੰ ਕਟਿਹਾਰ ਦੇ ਜ਼ਿਲ੍ਹਾ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ ਅਤੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ ਅਤੇ ਸਾਡੀਆਂ ਟੀਮਾਂ ਇਲਾਕੇ ਵਿੱਚ ਤਾਇਨਾਤ ਹਨ।

# ਮੱਧ ਪ੍ਰਦੇਸ਼ ਵਿਚ ਪ੍ਰਧਾਨ ਮੰਤਰੀ ਦੇ ਪ੍ਰੋਗਰਾਮ ਲਈ ਜਾ ਰਹੀ ਬੱਸ ਪਲਟ ਗਈ, 16 ਜ਼ਖ਼ਮੀ




ਸ਼ਿਓਪੁਰ, 18 ਸਤੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਸ਼ਿਓਪੁਰ ਜ਼ਿਲੇ 'ਚ ਸ਼ਨੀਵਾਰ ਨੂੰ ਇਕ ਬੱਸ ਪਲਟਣ ਕਾਰਨ 14 ਔਰਤਾਂ ਸਮੇਤ 16 ਲੋਕ ਜ਼ਖਮੀ ਹੋ ਗਏ। ਹਾਦਸੇ ਦੇ ਸਮੇਂ ਇਹ ਲੋਕ ਸ਼ਿਓਪੁਰ ਜ਼ਿਲੇ ਦੇ ਕਰਹਾਲ ਕਸਬੇ 'ਚ ਆਯੋਜਿਤ ਮਹਿਲਾ ਸਵੈ-ਸਹਾਇਤਾ ਸਮੂਹਾਂ ਦੇ ਸੰਮੇਲਨ 'ਚ ਸ਼ਾਮਲ ਹੋਣ ਜਾ ਰਹੇ ਸਨ, ਜਿਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਬੋਧਨ ਕਰਨਾ ਸੀ।

ਬੜਗਾਵਾਂ ਥਾਣੇ ਦੀ ਇੰਸਪੈਕਟਰ ਮਮਤਾ ਗੁਰਜਰ ਨੇ ਦੱਸਿਆ ਕਿ ਜ਼ਖ਼ਮੀਆਂ ਨੂੰ ਜ਼ਿਲ੍ਹਾ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਮੁਰੈਨਾ ਜ਼ਿਲ੍ਹੇ ਤੋਂ ਕਰਹਾਲ ਜਾ ਰਹੀ ਇਹ ਬੱਸ ਜ਼ਿਲ੍ਹਾ ਹੈੱਡਕੁਆਰਟਰ ਤੋਂ ਕਰੀਬ 45 ਕਿਲੋਮੀਟਰ ਦੂਰ ਹਨੂੰਮਾਨ ਮੰਦਰ ਨੇੜੇ ਡਰਾਈਵਰ ਦੇ ਵਾਹਨ ਤੋਂ ਕੰਟਰੋਲ ਗੁਆ ਦੇਣ ਕਾਰਨ ਪਲਟ ਗਈ।

# ਚੀਨ ਵਿਚ ਭਿਆਨਕ ਅੱਗ ਦੀ ਲਪੇਟ ’ਚ ਆਈ ਇਮਾਰਤ



ਬੀਜਿੰਗ, 18 ਸਤੰਬਰ (ਪੋਸਟ ਬਿਊਰੋ): ਚੀਨ ਵਿੱਚ ਸ਼ੁੱਕਰਵਾਰ ਨੂੰ ਇੱਕ ਬਹੁਮੰਜ਼ਿਲਾ ਉੱਚੀ ਇਮਾਰਤ ਵਿੱਚ ਅੱਗ ਲੱਗ ਗਈ। ਇਸ ਦੀ ਲਪੇਟ 'ਚ ਆਉਣ ਵਾਲੀ ਇਮਾਰਤ ਦੀਆਂ ਦਰਜਨਾਂ ਮੰਜ਼ਿਲਾਂ ਤੋਂ ਅੱਗ ਦੀਆਂ ਲਪਟਾਂ ਨਿਕਲੀਆਂ। ਇਮਾਰਤ ਦੇ ਉੱਪਰ ਅਸਮਾਨ ਵਿੱਚ ਕਾਲੇ ਧੂੰਏਂ ਦਾ ਬੱਦਲ ਦਿਖਾਈ ਬਣ ਗਿਆ। ਮੱਧ ਚੀਨ ਦੇ ਚਾਂਗਸ਼ਾ ਵਿੱਚ ਇਸ ਇਮਾਰਤ ਵਿੱਚ ਲੱਗੀ ਭਿਆਨਕ ਅੱਗ ਕਾਰਨ ਹੋਏ ਨੁਕਸਾਨ ਬਾਰੇ ਫਿਲਹਾਲ ਕੋਈ ਅਧਿਕਾਰਤ ਜਾਣਕਾਰੀ ਨਹੀਂ ਹੈ। ਜਾਣਕਾਰੀ ਮੁਤਾਬਕ ਚੀਨ ਦੀ ਟੈਲੀਕਾਮ ਬਿਲਡਿੰਗ 'ਚ 200 ਮੀਟਰ ਤੋਂ ਜ਼ਿਆਦਾ ਦੀ ਉਚਾਈ 'ਤੇ ਅੱਗ ਲੱਗ ਗਈ। ਦੱਸ ਦੇਈਏ ਕਿ ਚਾਂਗਸ਼ਾ ਹੁਨਾਨ ਦੀ ਰਾਜਧਾਨੀ ਹੈ। ਸਥਾਨਕ ਮੀਡੀਆ ਮੁਤਾਬਕ ਅੱਗ ਲੱਗਦੇ ਹੀ ਫਾਇਰ ਬ੍ਰਿਗੇਡ ਦੀ ਟੀਮ ਮੌਕੇ 'ਤੇ ਪਹੁੰਚ ਗਈ ਅਤੇ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਜਾਣਕਾਰੀ ਅਨੁਸਾਰ ਚੀਨ ਦੀ ਇਸ ਬਹੁ-ਮੰਜ਼ਿਲਾ ਇਮਾਰਤ ਵਿਚ ਦੇਸ਼ ਦੀ ਦੂਰਸੰਚਾਰ ਕੰਪਨੀ ਵੀ ਹੈ।

# ਜੰਮੂ-ਕਸ਼ਮੀਰ ਦੇ ਬਾਂਦੀਪੋਰਾ 'ਚ ਬਿਹਾਰ ਦੇ ਇਕ ਮਜ਼ਦੂਰ ਦੀ ਹੱਤਿਆ 'ਚ ਸ਼ਾਮਲ ਤਿੰਨ ਅੱਤਵਾਦੀ ਕੀਤੇ ਗ੍ਰਿਫ਼ਤਾਰ



ਸ੍ਰੀਨਗਰ, 18 ਸਤੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਬਾਂਦੀਪੋਰਾ 'ਚ ਪਿਛਲੇ ਮਹੀਨੇ ਇਕ ਗੈਰ-ਸਥਾਨਕ ਮਜ਼ਦੂਰ ਦੀ ਹੱਤਿਆ 'ਚ ਸ਼ਾਮਲ ਤਿੰਨ ਅੱਤਵਾਦੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। 11 ਅਤੇ 12 ਅਗਸਤ ਦੀ ਦਰਮਿਆਨੀ ਰਾਤ ਨੂੰ ਉੱਤਰੀ ਕਸ਼ਮੀਰ ਦੇ ਸਾਦੁਨਾਰਾ ਇਲਾਕੇ ਵਿੱਚ ਬਿਹਾਰ ਦੇ ਇੱਕ ਮਜ਼ਦੂਰ ਮੁਹੰਮਦ ਅਮਰੇਜ਼ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਬਾਂਦੀਪੋਰਾ ਦੇ ਸੀਨੀਅਰ ਪੁਲਿਸ ਕਪਤਾਨ ਮੁਹੰਮਦ ਜ਼ਾਹਿਦ ਨੇ ਦੱਸਿਆ ਕਿ ਘਟਨਾ ਦੇ ਤੁਰੰਤ ਬਾਅਦ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ ਸੀ। ਐਸਐਸਪੀ ਨੇ ਕਿਹਾ, “ਅਸੀਂ ਇੱਕ ਮਹੀਨੇ ਵਿੱਚ ਮਾਮਲਾ ਸੁਲਝਾ ਲਿਆ। ਪੁਲਿਸ, ਸੈਨਾ ਅਤੇ ਕੇਂਦਰੀ ਰਿਜ਼ਰਵ ਪੁਲਿਸ ਬਲ (ਸੀਆਰਪੀਐਫ) ਦੀ ਸਾਂਝੀ ਟੀਮ ਨੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਅਪਰਾਧ ਵਿੱਚ ਵਰਤਿਆ ਗਿਆ ਹਥਿਆਰ ਵੀ ਬਰਾਮਦ ਕਰ ਲਿਆ ਗਿਆ ਹੈ। "ਉਨ੍ਹਾਂ ਦੱਸਿਆ ਕਿ ਸਾਰੇ ਮੁਲਜ਼ਮ ਸਾਦੁਨਾਰਾ ਦੇ ਰਹਿਣ ਵਾਲੇ ਹਨ ਅਤੇ ਉਨ੍ਹਾਂ ਦੀ ਪਛਾਣ ਵਸੀਮ, ਯਾਵਰ ਅਤੇ ਮੁਜ਼ੱਮਿਲ ਵਜੋਂ ਹੋਈ ਹੈ।

# ਭਾਜਪਾ ਨੇ ਗੋਆ ਦੇ ਕਾਂਗਰਸ ਵਿਧਾਇਕਾਂ ਨੂੰ 40-50 ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ: ਕਾਂਗਰਸੀ ਆਗੂ ਗੁੰਡੂ ਰਾਓ



ਪਣਜੀ, 18 ਸਤੰਬਰ (ਪੋਸਟ ਬਿਊਰੋ)- ਗੋਆ 'ਚ ਕਾਂਗਰਸ ਦੇ 8 ਵਿਧਾਇਕਾਂ ਦੇ ਭਾਰਤੀ ਜਨਤਾ ਪਾਰਟੀ (ਭਾਜਪਾ) 'ਚ ਸ਼ਾਮਲ ਹੋਣ ਤੋਂ ਇਕ ਦਿਨ ਬਾਅਦ, ਕਾਂਗਰਸ ਨੇ ਵੀਰਵਾਰ ਨੂੰ ਸੂਬੇ ਦੀ ਸੱਤਾਧਾਰੀ ਪਾਰਟੀ 'ਤੇ ਵਿਧਾਇਕਾਂ ਨੂੰ 40-50 ਕਰੋੜ ਰੁਪਏ ਦੀ ਪੇਸ਼ਕਸ਼ ਕਰਨ ਦਾ ਦੋਸ਼ ਲਗਾਇਆ। ਕਾਂਗਰਸ ਦੇ ਗੋਆ ਇੰਚਾਰਜ ਦਿਨੇਸ਼ ਗੁੰਡੂ ਰਾਓ, ਜੋ ਕਿ ਗੋਆ ਵਿੱਚ ਚੱਲ ਰਹੇ ਸਿਆਸੀ ਘਟਨਾਕ੍ਰਮ ਦੇ ਮੱਦੇਨਜ਼ਰ ਇਸ ਤੱਟਵਰਤੀ ਸੂਬੇ ਵਿੱਚ ਪੁੱਜੇ ਸਨ, ਨੇ ਇੱਥੇ ਇੱਕ ਪ੍ਰੈਸ ਕਾਨਫਰੰਸ ਵਿੱਚ ਇਹ ਦੋਸ਼ ਲਾਏ। ਹਾਲਾਂਕਿ ਭਾਜਪਾ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਕਾਂਗਰਸ ਦੇ ਅੱਠ ਵਿਧਾਇਕ ਆਰਥਿਕ ਲਾਭ ਲਈ ਨਹੀਂ ਸਗੋਂ ਭਾਜਪਾ ਦੇ ਵਿਕਾਸ ਏਜੰਡੇ ਤੋਂ ਪ੍ਰਭਾਵਿਤ ਹੋ ਕੇ ਸੱਤਾਧਾਰੀ ਪਾਰਟੀ ਵਿੱਚ ਸ਼ਾਮਲ ਹੋਏ ਹਨ। ਗੋਆ ਦੇ ਸਾਬਕਾ ਮੁੱਖ ਮੰਤਰੀ ਦਿਗੰਬਰ ਕਾਮਤ ਸਮੇਤ ਕਾਂਗਰਸ ਦੇ ਅੱਠ ਵਿਧਾਇਕ ਬੁੱਧਵਾਰ ਨੂੰ ਸੱਤਾਧਾਰੀ ਭਾਜਪਾ ਵਿੱਚ ਸ਼ਾਮਲ ਹੋ ਗਏ। ਇਸ ਨਾਲ ਵਿਰੋਧੀ ਪਾਰਟੀ ਨੂੰ ਵੱਡਾ ਝਟਕਾ ਲੱਗਾ ਹੈ ਅਤੇ 40 ਮੈਂਬਰੀ ਵਿਧਾਨ ਸਭਾ ਵਿੱਚ ਹੁਣ ਸਿਰਫ਼ ਤਿੰਨ ਵਿਧਾਇਕ ਰਹਿ ਗਏ ਹਨ।


# ਅਰਮੀਨੀਆ ਅਤੇ ਅਜ਼ਰਬਾਇਜਾਨ ਵਿਚਾਲੇ ਸੰਘਰਸ਼ ਵਿਚ 200 ਫ਼ੌਜੀਆਂ ਦੀ ਮੌਤ, ਸਰਹੱਦ ’ਤੇ ਤਣਾਅ ਜਾਰੀ



ਯੇਰੇਵਾਰ (ਅਰਮੀਨੀਆ), 18 ਸਤੰਬਰ (ਪੋਸਟ ਬਿਊਰੋ): ਨਾਗੋਰਨੋ-ਕਾਰਬਾਖ਼ ਖੇਤਰ ਨੂੰ ਲੈ ਕੇ ਦੋਵਾਂ ਦੇਸ਼ਾਂ ਵਿਚਾਲੇ ਇਕ ਦਹਾਕੇ ਤੋਂ ਵੱਧ ਦੇ ਸਮੇਂ ਤੋਂ ਸੰਘਰਸ਼ ਚੱਲ ਰਿਹਾ ਹੈ। ਅਰਮੀਨੀਆ ਦਾ ਕਹਿਣਾ ਹੈ ਕਿ ਅਜ਼ਰਬਾਇਜਾਨ ਦੇ ਫੌਜੀ ਉਨ੍ਹਾਂ ਦੀਆਂ ਬਸਤੀਆਂ ’ਚ ਆ ਗਏ ਤੇ ਹਮਲਾ ਕਰ ਦਿੱਤਾ। ਉਥੇ ਹੀ ਅਜ਼ਰਬਾਇਜਾਨ ਦਾ ਕਹਿਣਾ ਹੈ ਕਿ ਉਸਨੇ ਸਿਰਫ ਜਵਾਬ ’ਚ ਅਰਮੀਨੀਆ ਦੇ ਉਕਸਾਉਣ ਤੋਂ ਬਾਅਦ ਬਚਾਅ ’ਚ ਕਾਰਵਾਈ ਕੀਤੀ ਹੈ।

ਅਰਮੀਨੀਆ ਤੇ ਅਜ਼ਰਬਾਇਜਾਨ ਵਿਚਾਲੇ ਸੰਘਰਸ਼ ’ਚ ਇਸ ਹਫਤੇ ਹੁਣ ਤਕ ਦੋਵਾਂ ਪਾਸੇ ਦੇ 200 ਤੋਂ ਵੱਧ ਫੌਜੀ ਮਾਰੇ ਜਾ ਚੁੱਕੇ ਹਨ। ਅਰਮੀਨੀਆ ਤੇ ਅਜ਼ਰਬਾਇਜਾਨ ਦੋਵੇਂ ਇਕ-ਦੂਜੇ ’ਤੇ ਉਕਸਾਉਣ ਦਾ ਦੋਸ਼ ਲਾ ਰਹੇ ਹਨ। ਇੰਟਰਫੈਕਸ ਨਿਊਜ਼ ਏਜੰਸੀ ਅਨੁਸਾਰ, ਅਰਮੀਨੀਆ ਦੇ ਪ੍ਰਧਾਨ ਮੰਤਰੀ ਨਿਕੋਲ ਪਾਸ਼ਿਨਯਾਨ ਨੇ ਸੰਸਦ ’ਚ ਦੱਸਿਆ ਹੈ ਕਿ ਹਣ ਤਕ ਉਸਦੇ 135 ਫੌਜੀਆਂ ਦੀ ਮੌਤ ਹੋ ਚੁੱਕੀ ਹੈ। ਉਥੇ ਹੀ, ਅਜ਼ਰਬਾਇਜਾਨ ਦਾ ਕਹਿਣਾ ਹੈ ਕਿ ਉਸਦੇ 77 ਫੌਜੀਆਂ ਦੀ ਮੌਤ ਹੋਈ ਹੈ। ਦੋ ਦਿਨ ਦੀ ਜੰਗ ਤੋਂ ਬਾਅਦ ਰੂਸ ਵੱਲੋਂ ਬੁੱਧਵਾਰ ਦੀ ਰਾਤ ਜੰਗਬੰਦੀ ਲਾਈ ਗਈ ਸੀ, ਪਰ ਸ਼ੁੱਕਰਵਾਰ ਨੂੰ ਅਰਮੀਨੀਆ ਨੇ ਕਿਹਾ ਕਿ ਸਰਹੱਦ ’ਤੇ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਬਣਿਆ ਹੋਇਆ ਹੈ। ਅਰਮੀਨੀਆ ਜਿਥੇ ਰੂਸ ਦਾ ਫੌਜੀ ਸਹਿਯੋਗੀ ਹੈ, ਉਥੇ ਹੀ ਅਜ਼ਰਬਾਇਜਾਨ ਨਾਲ ਵੀ ਉਸਦੇ ਚੰਗੇ ਸਬੰਧ ਹਨ।

# ਸਕਾਟਲੈਂਡ ਵਿਚ ਮਹਾਰਾਣੀ ਵਿਕਟੋਰੀਆ ਦੇ ਬੁੱਤ 'ਤੇ "ਰਾਜਾਸ਼ਾਹੀ ਖਤਮ ਕਰੋ" ਦਾ ਨਾਅਰਾ ਲਿਖਿਆ



ਗਲਾਸਗੋ, 18 ਸਤੰਬਰ (ਪੋਸਟ ਬਿਊਰੋ): ਕਿਸੇ ਅਨਸਰ ਨੇ ਸਕਾਟਲੈਂਡ ਵਿਚ ਮਹਾਰਾਣੀ ਵਿਕਟੋਰੀਆ ਦੇ ਬੁੱਤ 'ਤੇ "ਰਾਜਾਸ਼ਾਹੀ ਖਤਮ ਕਰੋ" ਦਾ ਨਾਅਰਾ ਲਿਖ ਦਿੱਤਾ। ਇੱਥੇ ਰਾਜਾਸ਼ਾਹੀ ਖਿਲਾਫ਼ ਅਕਸਰ ਹੀ ਲੋਕ ਆਪਣੀ ਆਵਾਜ਼ ਬੁਲੰਦ ਕਰਦੇ ਰਹਿੰਦੇ ਹਨ। ਸਮੇਂ ਸਮੇਂ 'ਤੇ ਹੁੰਦੇ ਮੁਜਾਹਰਿਆਂ ਵਿੱਚ ਇਹ ਮੁੱਦਾ ਉਠਾਇਆ ਜਾਂਦਾ ਹੈ ਕਿ ਲੋਕਾਂ ਦੇ ਟੈਕਸ ਦਾ ਪੈਸਾ ਕਥਿਤ 'ਬੇਲੋੜੇ' ਖਰਚਿਆਂ ਲਈ ਵਰਤਿਆ ਜਾਂਦਾ ਹੈ। ਇਹ ਘਟਨਾ ਗਲਾਸਗੋ ਦੇ ਲਾਗਲੇ ਕਸਬੇ ਪੇਜ਼ਲੀ 'ਚ ਵਾਪਰੀ ਹੈ, ਜਿੱਥੇ ਮਹਾਰਾਣੀ ਵਿਕਟੋਰੀਆ ਦੇ ਬੁੱਤ 'ਤੇ ਸਪਰੇਅ ਪੇਂਟ ਨਾਲ "ਰਾਜਾਸ਼ਾਹੀ ਨੂੰ ਖ਼ਤਮ ਕਰੋ" ਨਾਅਰਾ ਲਿਖਿਆ ਗਿਆ ਹੈ। ਬਾਅਦ ਵਿਚ ਇਸ ਨੂੰ ਸਾਫ ਕਰ ਦਿੱਤਾ ਗਿਆ।


# ਵਿਗਿਆਨੀਆਂ ਨੇ ਲੱਭਿਆ 380 ਮਿਲੀਅਨ ਸਾਲ ਪੁਰਾਣਾ ਮੱਛੀ ਦਾ ਦਿਲ

ਸਿਡਨੀ, 18 ਸਤੰਬਰ (ਪੋਸਟ ਬਿਊਰੋ)- ਆਸਟ੍ਰੇਲੀਆ ਵਿਚ ਵਿਗਿਆਨੀਆਂ ਨੂੰ 380 ਮਿਲੀਅਨ ਸਾਲ ਪੁਰਾਣੇ ਮੱਛੀ ਦੇ ਦਿਲ ਦੇ ਅਵਸ਼ੇਸ਼ ਮਿਲੇ ਹਨ। ਸੈਨੇਟ ਦੀ ਰਿਪੋਰਟ ਮੁਤਾਬਕ ਕਰਟਿਨ ਯੂਨੀਵਰਸਿਟੀ ਦੇ ਵਿਗਿਆਨੀ ਅਜਿਹੇ ਜੀਵਾਂ ਬਾਰੇ ਇਹ ਖੋਜ ਕਰ ਰਹੇ ਹਨ ਜੋ ਜਬਾੜੇ ਅਤੇ ਰੀੜ੍ਹ ਦੀ ਹੱਡੀ ਦੇ ਵਿਕਾਸ ਦੀ ਕਹਾਣੀ ਦੱਸਣਗੇ। ਇਸ ਰਹਿੰਦ-ਖੂੰਹਦ ਵਿੱਚ ਪੇਟ, ਅੰਤੜੀਆਂ ਅਤੇ ਜਿਗਰ ਵੀ ਸ਼ਾਮਲ ਹੁੰਦੇ ਹਨ। ਇਹ ਅੰਗ ਸ਼ਾਰਕ ਦੀ ਅੰਦਰੂਨੀ ਬਣਤਰ ਨਾਲ ਮੇਲ ਖਾਂਦੇ ਹਨ। ਇਹ ਖੋਜ ਵਿਗਿਆਨ ਜਰਨਲ ਵਿੱਚ ਪ੍ਰਕਾਸ਼ਿਤ ਕੀਤੀ ਗਈ ਸੀ। ਸੈਨੇਟ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਹ ਦਿਲ ਆਰਥਰੋਡਾਇਰ ਪਰਿਵਾਰ ਦੀ ਮੱਛੀ ਦਾ ਹੈ, ਜੋ 258 ਮਿਲੀਅਨ ਸਾਲ ਪਹਿਲਾਂ ਅਲੋਪ ਹੋ ਗਈ ਸੀ। ਇਹ ਜੈਵਿਕ ਜਬਾੜੇ ਵਾਲੀ ਮੱਛੀ ਦੇ ਮੌਜੂਦਾ ਅਵਸ਼ੇਸ਼ਾਂ ਵਿੱਚੋਂ ਸਭ ਤੋਂ ਪੁਰਾਣਾ ਹੈ।

# ਮਾਹਰਾਂ ਨੇ ਦਿੱਤੀ ਚੇਤਾਵਨੀ, ਭਾਰਤ ਵਿੱਚ ਲੰਪੀ ਸਕਿਨ ਬਿਮਾਰੀ ਦੇ ਨਵੇਂ ਲੱਛਣ ਚਿੰਤਾ ਦਾ ਕਾਰਨ

ਜੈਪੁਰ, 18 ਸਤੰਬਰ (ਪੋਸਟ ਬਿਊਰੋ)- ਦੇਸ਼ ਦੇ ਕਈ ਰਾਜਾਂ ਵਿਚ ਲੰਪੀ ਸਕਿਨ ਤਬਾਹੀ ਮਚਾ ਰਿਹਾ ਹੈ। ਲੰਪੀ ਸਕਿਨ ਕਾਰਨ ਦੇਸ਼ ਵਿੱਚ ਵੱਡੀ ਗਿਣਤੀ ਵਿੱਚ ਪਸ਼ੂਆਂ ਦੀ ਜਾਨ ਚਲੀ ਗਈ ਹੈ। ਰਾਜਸਥਾਨ ਇਸ ਬਿਮਾਰੀ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ ਅਤੇ ਇਸ ਕਾਰਨ ਦੁੱਧ ਦਾ ਉਤਪਾਦਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਇਸ ਕਾਰਨ ਸੂਬੇ ਵਿਚ ਦੁੱਧ ਤੋਂ ਬਣੀਆਂ ਮਠਿਆਈਆਂ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ। ਸੂਬੇ ਦੀ ਸਭ ਤੋਂ ਵੱਡੀ ਦੁੱਧ ਸਹਿਕਾਰੀ ਸੰਸਥਾ ਜੈਪੁਰ ਡੇਅਰੀ ਫੈਡਰੇਸ਼ਨ ਅਨੁਸਾਰ ਦੁੱਧ ਦੀ ਸੰਗ੍ਰਹਿ ਵਿੱਚ 15 ਤੋਂ 18 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ, ਹਾਲਾਂਕਿ ਹੁਣ ਤੱਕ ਸਪਲਾਈ ਵਿੱਚ ਕੋਈ ਵਿਘਨ ਨਹੀਂ ਪਿਆ ਹੈ। ਫੈਡਰੇਸ਼ਨ ਦੇ ਚੇਅਰਮੈਨ ਓਮ ਪੂਨੀਆ ਨੇ ਕਿਹਾ, ਰੋਜ਼ਾਨਾ ਦੁੱਧ ਦਾ ਸੰਗ੍ਰਹਿ 14 ਲੱਖ ਲੀਟਰ ਆਮ ਤੋਂ ਘੱਟ ਕੇ 12 ਲੱਖ ਲੀਟਰ ਰਹਿ ਗਿਆ ਹੈ।

ਪੂਨੀਆ ਨੇ ਕਿਹਾ, "ਲੰਪੀ ਸਕਿਨ ਦੇ ਕਹਿਰ ਤੋਂ ਪਹਿਲਾਂ ਸਾਨੂੰ ਸਹਿਕਾਰੀ ਸਭਾ 'ਚ ਰੋਜ਼ਾਨਾ 14 ਲੱਖ ਲੀਟਰ ਦੁੱਧ ਮਿਲਦਾ ਸੀ, ਜੋ ਹੁਣ ਘੱਟ ਕੇ 12 ਹਜ਼ਾਰ ਲੀਟਰ ਰਹਿ ਗਿਆ ਹੈ। ਇਹ ਤਸੱਲੀ ਦੀ ਗੱਲ ਹੈ ਕਿ ਦੁੱਧ ਦੀ ਸਪਲਾਈ 'ਚ ਕੋਈ ਰੁਕਾਵਟ ਨਹੀਂ ਆਈ। ਅਸੀਂ ਜਾਨਵਰਾਂ ਦੀਆਂ ਮੌਤਾਂ ਨੂੰ ਲੈ ਕੇ ਬਹੁਤ ਚਿੰਤਤ ਹਾਂ ਕਿਉਂਕਿ ਅਸਲ ਅੰਕੜਾ ਨਿਸ਼ਚਤ ਤੌਰ 'ਤੇ ਅਧਿਕਾਰਤ ਤੌਰ 'ਤੇ ਕਹੇ ਜਾਣ ਵਾਲੇ ਅੰਕੜਿਆਂ ਨਾਲੋਂ ਵੱਧ ਹੈ। ਜੇਕਰ ਇਹ ਰੁਝਾਨ ਜਾਰੀ ਰਿਹਾ ਤਾਂ ਕੋਵਿਡ-19 ਦੌਰਾਨ ਸਾਨੂੰ ਜਿਸ ਸਥਿਤੀ ਦਾ ਸਾਹਮਣਾ ਕਰਨਾ ਪਿਆ ਸੀ, ਉਹ ਵੱਡੀ ਸਮੱਸਿਆ ਪੈਦਾ ਕਰ ਸਕਦੀ ਹੈ।




# ਖੇਡਾਂ ਵਤਨ ਪੰਜਾਬ ਦੀਆਂ ਅਧੀਨ ਸਵੀਮਿੰਗ ਪੂਲ ਵਿਖੇ ਕਰਵਾਏ ਵੱਖ ਵੱਖ ਵਰਗਾਂ ਦੇ ਤੈਰਾਕੀ ਮੁਕਾਬਲੇ





ਪਠਾਨਕੋਟ, 18 ਸਤੰਬਰ (ਰਾਜਿੰ-ਦਰ ਸਿੰਘ ਰਾਜਨ) ਪੰਜਾਬ ਸਰਕਾਰ ਵੱਲੋਂ ਪੂਰੇ ਪੰਜਾਬ ਅੰਦਰ ਖੇਡਾਂ ਵਤਨ ਪੰਜਾਬ ਦੀਆਂ ਕਰਵਾਈਆਂ ਜਾ ਰਹੀਆਂ ਹਨ ਜਿਸ ਅਧੀਨ ਹਰੇਕ ਜਿਲ੍ਹੇ ਅੰਦਰ ਪਹਿਲਾ ਬਲਾਕ ਪੱਧਰੀ ਮੁਕਾਬਲੇ ਕਰਵਾਏ ਗਏ ਅਤੇ ਇਸ ਤੋਂ ਬਾਅਦ 13 ਸਤੰਬਰ ਤੋਂ ਜਿਲ੍ਹਾ ਪਠਾਨਕੋਟ ਅੰਦਰ ਜਿਲ੍ਹਾ ਪੱਧਰੀ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ। ਜਿਕਰਯੋਗ ਹੈ ਕਿ ਜਿਲ੍ਹਾ ਪਠਾਨਕੋਟ ਅੰਦਰ ਵੱਖ ਵੱਖ ਸਕੂਲਾਂ ਵਿੱਚ ਵੱਖ ਵੱਖ ਖੇਡਾਂ ਦੇ ਸਬੰਧ ਵਿੱਚ ਗਰਾਉਂਡ ਦੇ ਹਿਸਾਬ ਨਾਲ ਖੇਡਾਂ ਨਿਰਧਾਰਤ ਕੀਤੀਆਂ ਗਈਆਂ ਹਨ।

ਅੱਜ ਸਵੀਮਿੰਗ ਪੂਲ ਪਠਾਨਕੋਟ ਵਿਖੇ ਵੀ ਖੇਡਾਂ ਵਤਨ ਪੰਜਾਬ ਦੀਆਂ ਅਧੀਨ ਤੈਰਾਕੀ ਮੁਕਾਬਲੇ ਕਰਵਾਏ ਗਏ । ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਕੋਚ ਚੰਦਨ ਮਹਾਜਨ ਨੇ ਦੱਸਿਆ ਕਿ ਅੱਜ ਦੇ ਤੈਰਾਕੀ ਮੁਕਾਬਲਿਆਂ ਵਿੱਚ ਵਰਗ 21 ਅਧੀਨ ਫ੍ਰੀ ਸਟਾਇਲ ਲੜਕੀਆਂ 100 ਮੀਟਰ ਵਿੱਚ ਕਿਰਨ ਪਹਿਲੇ ਸਥਾਨ ਤੇ ਰਹੀ, 400 ਮੀਟਰ ਫ੍ਰੀ ਸਟਾਇਲ ਲੜਕੀਆਂ ਵਰਗ 17 ਵਿੱਚ ਸਿਵਾਨੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਦੱਸਿਆ ਕਿ ਵਰਗ 17 ਵਿੱਚ ਲੜਕੀਆਂ ਦੇ 200 ਮੀਟਰ ਬੈਕ ਸਟਾੱਕ ਮੁਕਾਬਲਿਆਂ ਵਿੱਚ ਵੰਸਿਕਾ ਨੇ ਪਹਿਲਾ ਅਤੇ ਹਿਤਾਕਸੀ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ, ਵਰਗ 14 ਅਧੀਨ 100 ਮੀਟਰ ਬ੍ਰਸਟ ਸਟਾੱਕ ਵਿੱਚ ਵਿਨਾਇਕਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਵਰਗ 14 ਵਿੱਚ ਪਹਿਲਾ ਸਥਾਨ ਰੀਤ ਨੇ, ਦੂਸਰਾ ਸਥਾਨ ਨਵਿਆ ਅਤੇ ਭਾਗਿਆ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਦੱਸਿਆ ਕਿ ਵਰਗ 14 ਅਧੀਨ 50ਮੀਟਰ ਬਟਰਫਲਾਈ ਮੁਕਾਬਲਿਆਂ( ਲੜਕੀਆਂ) ਵਿੱਚ ਅਨੰਨਿਆ ਨੇ ਪਹਿਲਾ ਸਥਾਨ , ਵਰਗ 17 (ਲੜਕੇ) ਵਿੱਚ ਅਭਿਰਾਲ ਨੇ ਪਹਿਲਾ ਸਥਾਨ, ਵਰਗ 21 ਅਧੀਨ 50 ਮੀਟਰ (ਲੜਕੇ) ਵਿੱਚ ਸੱਤਿਅਮ ਨੇ ਪਹਿਲਾ ਸਥਾਨ ਅਤੇ ਵਰਗ 21 ਤੋਂ 40 ਅਧੀਨ ( ਲੜਕੇ ) 50 ਮੀਟਰ ਬਟਰਫਲਾਈ ਵਿੱਚ ਦੀਪੂ ਨੇ ਪਹਿਲਾ ਸਥਾਨ ਅਤੇ ਗੁਲਸਨ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।

ਉਨ੍ਹਾਂ ਦੱਸਿਆ ਕਿ ਅੱਜ ਇਸ ਤੋਂ ਇਲਾਵਾ ਵੀ ਹੋਰ ਵਰਗਾਂ ਅਧੀਨ ਵੀ ਤੈਰਾਕੀ ਮੁਕਾਬਲੇ ਕਰਵਾਏ ਗਏ ਹਨ। ਉਨ੍ਹਾਂ ਦੱਸਿਆ ਕਿ ਬੱਚਿਆਂ ਅੰਦਰ ਖੇਡਾਂ ਵਤਨ ਪੰਜਾਬ ਦੀਆਂ ਨੂੰ ਲੈ ਕੇ ਭਾਰੀ ਉਤਸਾਹ ਪਾਇਆ ਜਾ ਰਿਹਾ ਹੈ ਅਤੇ ਕੁਝ ਨਵੇਂ ਖਿਡਾਰੀ ਜਿਨ੍ਹਾਂ ਨੂੰ ਪਹਿਲੀ ਵਾਰ ਪੰਜਾਬ ਸਰਕਾਰ ਨੇ ਖੇਡਾਂ ਵਤਨ ਪੰਜਾਬ ਦੀਆਂ ਕਰਵਾ ਕੇ ਖੇਡਣ ਦਾ ਅਤੇ ਅੱਗੇ ਵਧਣ ਦਾ ਮੌਕਾ ਦਿੱਤਾ ਹੈ। ਜਿਸ ਦੇ ਚਲਦਿਆਂ ਖਿਡਾਰੀਆਂ ਵਿੱਚ ਕਾਫੀ ਉਤਸਾਹ ਦੀ ਲਹਿਰ ਚਲ ਰਹੀ ਹੈ।

# ਜਨਰਲ ਕੈਟਾਗਰੀ ਵੈਲਫੇਅਰ ਫੈਡਰੇਸ਼ਨ ਵਲੋਂ ਡਾਇਰਕਟਰ ਫਾਈਨਾਂਸ ਦਾ ਸਨਮਾਨ



ਪਟਿਆਲਾ, 18 ਅਪਰੈਲ (ਪੋਸਟ ਬਿਊਰੋ):- ਜਨਰਲ ਕੈਟਾਗਰੀ ਵੈਲਫੇਅਰ ਫੈਡਰੇਸ਼ਨ ਦੇ ਪ੍ਰਧਾਨ ਜਸਵੰਤ ਸਿੰਘ ਧਾਲੀਵਾਲ, ਪੀਐਸਈਬੀ ਹੁਣ ਪੀਐਸਪੀਸੀਐਲ/ਪੀਐਸਟੀਸੀਐਲ ਦੇ ਪ੍ਰਧਾਨ ਕੁਲਜੀਤ ਸਿੰਘ ਰਟੌਲ, ਸਕੱਤਰ ਜਨਰਲ ਸੁਖਪ੍ਰੀਤ ਸਿੰਘ, ਜੁਆਇੰਟ ਸਕੱਤਰ ਨਰਿੰਦਰ ਕਥੂਰੀਆ, ਅਸ਼ੋਕ ਚੋਪੜਾ ਪ੍ਰੈਸ ਸਕੱਤਰ ਅਤੇ ਹੋਰਨਾਂ ਵਲੋਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਡਾਇਰੈਕਟਰ/ ਵਿੱਤ, ਸ਼੍ਰੀ ਸੁਰਿੰਦਰ ਕੁਮਾਰ ਬੇਰੀ ਨੂੰ ਬੂਕਾ ਦੇ ਕੇ ਸਨਮਾਨਿਤ ਕੀਤਾ ਗਿਆ। ਫੈਡਰੇਸ਼ਨ ਆਗੂਆਂ ਨੇ ਕਿਹਾ ਕਿ ਬੇਰੀ ਸਾਹਿਬ ਬਹੁਤ ਲੰਮਾ ਸਮਾਂ ਪਾਵਰਕੌਮ ਵਿਚ ਵਿੱਤੀ ਮਾਮਲਿਆਂ ਨਾਲ ਸਬੰਧਤ ਸੀਟਾਂ ਤੇ ਰਹੇ ਹਨ ਅਤੇ ਇਹਨਾਂ ਦੇ ਤਜ਼ਰਬੇ ਦਾ ਪਾਵਰਕੌਮ ਨੂੰ ਬਹੁਤ ਲਾਭ ਹੋਵੇਗਾ। ਆਮ ਆਦਮੀ ਸਰਕਾਰ ਵਲੋਂ ਬੇਰੀ ਸਾਹਿਬ ਦੀ ਡਾਇਰੈਕਟਰ/ ਵਿੱਤ ਵਜੋਂ ਨਿਯੁਕਤੀ ਸਵਾਗਤ ਕੀਤਾ ਹੈ ਅਤੇ ਆਸ ਪ੍ਰਗਟ ਕੀਤੀ ਹੈ ਕਿ ਉਹ ਪਾਵਰਕੌਮ ਨੂੰ ਵਿੱਤੀ ਮਜ਼ਬੂਤ ਕਰਨ ਦੇ ਨਾਲ ਮੁਲਾਜ਼ਮਾਂ ਦੇ ਹਿਤਾਂ ਦਾ ਵੀ ਖਿਆਲ ਰੱਖਣਗੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11” ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9’’, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

# ਜਥੇਦਾਰ ਪਟਨਾ ਸਾਹਿਬ ਦਾ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵਿਚਾਰਿਆ ਜਾਵੇ: ਪ੍ਰੋ: ਸਰਚਾਂਦ ਸਿੰਘ ਖਿਆਲਾ

### * ਜਥੇਦਾਰ ਨੂੰ ਸੰਵੇਦਨਸ਼ੀਲ ਅਤੇ ਸਿੱਖ ਭਾਵਨਾਵਾਂ ਨਾਲ ਸਬੰਧਿਤ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਾਉਣ ਦੀ ਅਪੀਲ



ਅੰਮ੍ਰਿਤਸਰ, 18 ਸਤੰਬਰ (ਪੋਸਟ ਬਿਊਰੋ)- ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਏ ਮਸਕੀਨ ਬਨਾਮ ਡਾ: ਗੁਰਵਿੰਦਰ ਸਿੰਘ ਸਮਰਾ ਵਿਵਾਦ ਨੂੰ ਸਿੱਖ ਪੰਥ ਲਈ ਮੰਦਭਾਗਾ ਕਰਾਰ ਦਿੰਦਿਆਂ ਭਾਜਪਾ ਦੇ ਸਿੱਖ ਆਗੂ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਉਕਤ ਮਾਮਲੇ ਦੀ ਤਹਿ ਤੱਕ ਜਾ ਕੇ ਇਸ ਦੇ ਹਰ ਪਹਿਲੂ ਦੀ ਪੂਰੀ ਨਿਰਪੱਖ ਜਾਂਚ ਕਰਵਾ ਕੇ ਸਾਰੀ ਸਚਾਈ ਸੰਗਤਾਂ ਦੇ ਸਾਹਮਣੇ ਲਿਆਉਣ ਦੀ ਅਪੀਲ ਕੀਤੀ ਹੈ । ਪ੍ਰੋ: ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਮਾਮਲਾ ਤਖ਼ਤ ਸਾਹਿਬ ਦੇ ਜਥੇਦਾਰ ਨਾਲ ਸਬੰਧਿਤ ਹੈ, ਇਸ ਲਈ ਇਹ ਸੰਵੇਦਨਸ਼ੀਲ ਹੋਣ ਤੋਂ ਇਲਾਵਾ ਤਖ਼ਤ ਸਾਹਿਬ ਦੀ ਮਾਣ ਮਰਿਆਦਾ ਅਤੇ ਸਿੱਖ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਭੇਟਾ ਵਿੱਚ ‘ਨਕਲੀ’ ਵਸਤੂਆਂ ਦਾ ਮਿਲਣਾ ਤਖ਼ਤ ਸਾਹਿਬ ਦੇ ਸਤਿਕਾਰ ਨੂੰ ਠੇਸ ਪਹੁੰਚਾ ਰਿਹਾ ਹੈ ਅਤੇ ਸੰਗਤਾਂ ਵਿੱਚ ਸ਼ੰਕੇ ਪੈਦਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕਈ ਤਾਕਤਾਂ ਸਿੱਖ ਪੰਥ ਦੀਆਂ ਸੰਸਥਾਵਾਂ ਅਤੇ ਸ਼ਖ਼ਸੀਅਤਾਂ ਨੂੰ ਬਦਨਾਮ ਕਰਨ ਵਿੱਚ ਲੱਗੀਆਂ ਹੋਈਆਂ ਹਨ। ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਨੂੰ ਪੰਜ ਪਿਆਰਿਆਂ ਵੱਲੋਂ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਤਨਖ਼ਾਹੀਆ ਕਰਾਰ ਦਿੱਤਾ ਗਿਆ ਹੈ। ਤਖ਼ਤ ਸਾਹਿਬਾਨ ਦੇ ਮਾਮਲੇ ਤਾਂ ਤਖ਼ਤ ਸਾਹਿਬਾਨ ’ਤੇ ਵਿਚਾਰੇ ਜਾਂਦੇ ਹਨ, ਪਰ ਜਦੋਂ ਤਖ਼ਤ ਸਾਹਿਬ ਦੇ ਜਥੇਦਾਰ 'ਤੇ ਲਾਏ ਗਏ ਸੰਗੀਨ ਦੋਸ਼ਾਂ ਦੀ ਗੱਲ ਆਉਂਦੀ ਹੈ ਤਾਂ ਅਜਿਹੇ ਗੰਭੀਰ ਮਾਮਲਿਆਂ ਦੇ ਹਰ ਪਹਿਲੂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਵੱਲੋਂ ਵਿਚਾਰਨ ਦੀ ਲੋੜ ਹੈ। ਜੇ ਜਥੇਦਾਰ ਗੌਹਰ ਏ ਮਸਕੀਨ ਦਾ ਪੱਖ ਨਾ ਸੁਣਿਆ ਗਿਆ ਤਾਂ ਇਹ ਇਨਸਾਫ਼ ਨਹੀਂ ਹੋਵੇਗਾ। ਸਚਾਈ ਸਾਹਮਣੇ ਆਉਣ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਨਾਲ ਭਵਿੱਖ ਵਿੱਚ ਕੋਈ ਵੀ ਸਿੱਖ ਸਿਧਾਂਤਾਂ, ਨੈਤਿਕਤਾ, ਮਾਣ ਮਰਿਆਦਾ ਅਤੇ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਨ ਦੀ ਹਿੰਮਤ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਬਰਤਾਨੀਆ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਕਈ ਸਿੱਖ ਜਥੇਬੰਦੀਆਂ ਨੇ ਵੀ ਇਸ ਮਾਮਲੇ ਨੂੰ ਆਪਣੇ ਹੱਥ ਵਿੱਚ ਲੈਣ ਲਈ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਮਾਮਲੇ ਦੀ ਸਚਾਈ ਸਾਹਮਣੇ ਆਉਣ ਤੋਂ ਬਾਅਦ ਹੀ ਸਿੱਖ ਸੰਗਤਾਂ ਵਿੱਚ ਪੈਦਾ ਹੋਈ ਨਿਰਾਸ਼ਾ ਨੂੰ ਦੂਰ ਕੀਤਾ ਜਾ ਸਕੇਗਾ।

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

ਸਾਰੀਆਂ ਸੱਮਸਿਆਵਾਂ ਦੇ ਇਲਾਜ਼ ਲਈ
AWARD WINNER & SPIRITUAL HEALER
RAJNI SHARMA
- ਸਾਰੀਆਂ ਬਿਮਾਰੀਆਂ ਦਾ ਨੈਚੁਰਲ ਢੰਗ ਨਾਲ ਇਲਾਗ ਕੀਤਾ ਜਾਦਾਂ ਹੈ
- ਧਰਨ ਚੁਕ ਅਤੇ ਬੈਕ ਪਰਾਬਲਮ
- ਛਟਕਾ ਪੇਨ ਅਤੇ ਬੱਚੇ ਦੀ ਪਰਾਬਲਮ
- ਮੈਂਟਲ ਹੈਲਥ ਪਰਾਬਲਮ
- ਸ਼ਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :
647-409-0731 / 905-794-0731
Near Gore & Gardenbrook Trail - 183 Thorndale Rd, Brampton, ON L6P 3K8

ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

ਪਲਾਟ ਵਿਕਾਊ
ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ ’ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।
ਫੋਨ ਨੰਬਰ 917837596119
647-760-2769

ਘਰਾਂ ਵਿੱਚ ਪੇਂਟ ਕਰਵਾਉਣ ਲਈ, ਗਾਰਡਨ ਦਾ ਕੰਮ ਕਰਵਾਉਣ ਲਈ ਅਤੇ ਘਾਹ ਲਗਵਾਉਣ ਲਈ ਮਿਲੋ
3 ਬੰਦਿਆਂ ਦੀ ਟੀਮ
11 ਸਾਲ ਦਾ ਤਜ਼ਰਬਾ
ਗੁਰਮੇਲ ਸਿੰਘ ਸਿੱਧੂ: 6475336514
6477946514, 6476735186

ਕੇਅਰ ਗਿਵਰ ਦੀ ਲੋੜ
ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। ‘PR’ ਲਈ ਮੱਦਦ ਕੀਤੀ ਜਾਵੇਗੀ। Location ‘Winnipeg, MB’ ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
204-333-9000, 416-818-3777

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਲੇਡੀਸ ਇੰਸਟ੍ਰਕਟਰ
647-998-7500 ਬਲਵਿੰਦਰ

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ


Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
GUARANTEED
CALL JAG FOR A QUICK & FREE HOME EVALUATION
www BramptonTopRealtor.com
www BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
JUST LISTED FOR SALE IN BRANTFORD
SHELLARD LN / CONKLIN RD
• 2000 sq feet ਦਾ Semi-Detached ਘਰ
• 4 ਬੈਡਰੂਮ+4 ਵਾਸ਼ਰੂਮ+3 ਕਾਰ ਪਾਰਕਿੰਗ
• ਸਟੇਨਲੇਸ ਸਟੀਲ ਉਪਕਰਨ
• ਫਨਿਸ਼ਡ ਬੇਸਮੇਂਟ
• ਰਸੋਈ ਵਿੱਚ ਪੋਰਸਲਿਨ ਫਲੋਰ ਟਾਇਲਸ
• ਕੁਆਰਟਜ਼ ਕਾਊਂਟਰ ਟੌਪ
• ਮਾਸਟਰ ਬੈੱਡਰੂਮ ਵਿੱਚ 4 ਪੀਸੀਐਸ ਐਨ ਸੁਟ ਅਤੇ ਵਾਕ ਇਨ ਅਲਮਾਰੀ
JUST LISTED FOR SALE IN BRAMPTON
WILLIAMS PKWY / CHINGUACOUSY RD
• 2500 - 3000 sq feet
• Detach ਘਰ, ਡਬਲ ਡੋਰ ਐਂਟਰੀ
• 4 ਬੈੱਡਰੂਮ + ਕੰਪਿਊਟਰ ਲੌਫਟ + 3 ਵਾਸ਼ਰੂਮ + 2 ਕਾਰ ਗੈਰੇਜ
• ਮਾਸਟਰ ਬੈੱਡਰੂਮ ਵਿੱਚ 5 ਪੀਸੀਐਸ ਐਨ ਸੁਟ ਅਤੇ ਵਾਕ ਇਨ ਅਲਮਾਰੀ
• ਸਟੇਨਲੇਸ ਸਟੀਲ ਉਪਕਰਨ
• ਹਾਈਵੇਅ 403 ਦੇ ਨੇੜੇ
SOLD
WILLIAMS PKWY / CENTRE ST
WILLIAMS PKWY / ROYAL ORCHARD
QUEEN ST / DIXIE RD
SANDALWOOD / BRAIDWOOD LAKE
HOWDEN BLVD / WILLIAM PRWY
QUEEN ST / MCLAUGHLIN
HWY 10 / BOVAID DR
GOREWAY DR / QUEEN ST E
FREE
✓ Full MLS Services
✓ Consistently Marketing Your Property Until SOLD
✓ Competitive Rates, Exceptional Service & Award Winning Results
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold
RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
JUNE 2022


REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com


Tri-City Professional Realty Inc., Brokerage
The Future of Real Estate
www.TriCityPro.com
Number 1. Tri-City agent in Canada on basis of sales volume 2021
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
NEED MORE LISTINGS
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
SOLD
$1,399,999
CASTLEMORE/GOREWAY
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866
$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੇਂਟ ਵਿਚ ਸੈਪਰੇਟ ਐਂਟਰੇਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017